# STORY-CONSCIOUSNESS OF GURBACHAN SINGH BHULLAR
# ਗੁਰਬਚਨ ਸਿੰਘ ਭੁੱਲਰ ਦੀ ਕਥਾ-ਚੇਤਨਾ

**ਡਾ. ਅਸ਼ਵਨੀ ਸ਼ਰਮਾ (Dr. Ashwani Sharma)**
ਮੁਖੀ ਪੰਜਾਬੀ ਵਿਭਾਗ, ਡੀ.ਐਮ ਕਾਲਜ, ਮੋਗਾ (ਪੰਜਾਬ)
ਮੋਬਾਈਲ : 94175-34550, E-Mail: prof.ashwanidmc@gmail.com

*ABSTRACT*

*ਗੁਰਬਚਨ ਸਿੰਘ ਭੁੱਲਰ ਦੇ ਕਥਾ-ਜਗਤ ਵਿਚ ਸਭ ਤੋਂ ਵੱਧ ਕਹਾਣੀਆਂ ਨਿਰੋਲ ਪੇਂਡੂ ਜੀਵਨ ਦੀਆ ਘਟਨਾਵਾਂ ਨੂੰ ਸਾਕਾਰ ਕਰਦੀਆਂ ਹਨ। ਕੁਝ ਕਹਾਣੀਆਂ ਪੇਂਡੂ ਤੇ ਸ਼ਹਿਰੀ ਦੀ ਮਿਲਵੀਂ ਸਾਕਾਰਤਾ ਹਨ। ਬਾਕੀ ਦੀਆਂ ਕਹਾਣੀਆਂ ਅਜਿਹੀਆਂ ਹਨ ਜੋ ਨਿਰੋਲ ਸ਼ਹਿਰੀ ਜੀਵਨ ਦੀ ਪੇਸ਼ਕਾਰੀ ਕਰਦੀਆਂ ਹਨ। ਪੇਂਡੂ ਜੀਵਨ ਵਾਲੀਆਂ ਕਹਾਣੀਆਂ ਵਿਚ ਭੁੱਲਰ ਨੇ ਪੇਂਡੂ ਕਿਸਾਨ ਦੀ ਆਰਥਕਤਾ ਅਤੇ ਉਸਦੇ ਸੰਸਕ੍ਰਿਤਕ ਮੁੱਲ ਵਿਧਾਨ ਦੀ ਇੱਕ ਬਹੁ-ਪੱਖੀ ਤੇ ਮੰਨਣਯੋਗ ਤਸਵੀਰ ਸਾਕਾਰ ਕੀਤੀ ਹੈ। ਪੇਂਡੂ ਤੇ ਸ਼ਹਿਰੀ ਜੀਵਨ ਦੀ ਮਿਲਣੀ ਸਾਕਾਰਤਾ ਵਾਲੀਆਂ ਕਹਾਣੀਆਂ ਵਿਚ ਉਹ ਪਿੰਡ ਦੇ ਮੁਕਾਬਲੇ ਸ਼ਹਿਰ ਦੇ ਵਸਨੀਕਾਂ ਵਿਚ ਅਪਣੱਤ ਤੇ ਸਾਂਝ ਦੇ ਭਾਵਾਂ ਦੀ ਅਣਹੋਂਦ ਅਤੇ ਪਿੰਡ ਤੋਂ ਸ਼ਹਿਰ ਗਏ ਮਨੁੱਖ ਦੀ ਸ਼ਕਤੀ ਤੇ ਸਮਰੱਥਾ ਬਾਰੇ ਪੇਂਡੂ ਭਾਈਚਾਰੇ ਵਿਚਲੇ ਭਰਮ ਭੁਲੇਖੇ ਦਾ ਬਿਰਤਾਂਤ ਦਿੰਦਾ ਹੈ। ਨਿਰੋਲ ਸ਼ਹਿਰੀ ਜੀਵਨ ਵਾਲੀਆਂ ਕਹਾਣੀਆਂ ਵਿਚ ਭੁੱਲਰ ਨੇ ਸ਼ਹਿਰ ਵਿਚ ਰਹਿ ਰਹੇ ਨਿਮਨ ਮੱਧ ਵਰਗ ਦੇ ਲੋਕਾਂ ਦੀਆਂ ਲੋੜਾਂ ਥੁੜ੍ਹਾਂ, ਸ਼ਹਿਰੀ ਲੋਕਾਂ ਵਿਚ ਮਾਨਵਤਾ ਅਤੇ ਭਾਈਚਾਰੇ ਦੀ ਘਾਟ, ਬੇਲੋੜੀ ਭੱਜ-ਦੌੜ, ਦਿਖਾਵੇ ਭਰੀ ਜ਼ਿੰਦਗੀ ਆਦਿ ਦਾ ਵਰਨਣ ਕੀਤਾ ਹੈ।*

**ਕੀਵਰਡ**: ਗੁਰਬਚਨ ਸਿੰਘ ਭੁੱਲਰ, ਕਥਾ-ਚੇਤਨਾ, ਕਹਾਣੀਆਂ, ਯਥਾਰਥ, ਮਾਨਵਵਾਦੀ, ਵਿਚਾਰਧਾਰਾ।

ਗੁਰਬਚਨ ਸਿੰਘ ਭੁੱਲਰ ਦੀ ਕਥਾ-ਚੇਤਨਾ ਦਾ ਮੂਲ ਸਰੋਕਾਰ ਪੰਜਾਬੀ ਰਹਿਤਲ ਹੈ। ਪੰਜਾਬੀ ਸਭਿਆਚਾਰਕ ਜੀਵਨ ਉਸ ਦੀ ਕਥਾ ਸਿਰਜਨਾ ਦੇ ਵਿਚ ਉਘੜਵੇਂ ਰੂਪ ਵਿਚ ਵਿਦਮਾਨ ਹੈ। ਖੇਤੀਬਾੜੀ ਪ੍ਰਧਾਨ ਸਮਾਜ ਵਿਚ ਜ਼ਮੀਨ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਭੁੱਲਰ ਅਨੁਸਾਰ ਜ਼ਮੀਨ ਕਿਸਾਨ ਦੀ ਮਾਂ ਹੁੰਦੀ ਹੈ,[1] ਜ਼ਮੀਨ ਬਿਨਾਂ ਜੱਟ ਦਾ ਕਾਹਦਾ ਭਾਰ !ਜ਼ਮੀਨ ਬਿਨਾਂ ਜੱਟ ਦੀ ਕਾਹਦੀ ਹੋਂਦ [2]!ਅਤੇ ਜ਼ਮੀਨ ਦੇ ਇਕ-ਇਕ ਓਰੇ ਖਾਤਰ ਜੱਟ ਸੌ-ਸੌ ਪਾਪੜ ਵੇਲਦੇ ਹਨ। [3]ਭੁੱਲਰ ਦੀਆਂ ਕਈ ਕਹਾਣੀਆਂ ਜਿਵੇਂ 'ਦੀਵੇ ਵਾਂਗ ਬਲਦੀ ਅੱਖ', 'ਖ਼ੂਨ', 'ਕੈਦ', 'ਉਮਰ ਕੈਦ' ਅਤੇ 'ਵਿੱਥਾਂ ਮਿਟ ਗਈਆਂ' ਵਿਚ ਜ਼ਮੀਨ ਬੁਨਿਆਦੀ ਇਕਾਈ ਬਣਦੀ ਹੈ। ਇਨ੍ਹਾਂ ਕਹਾਣੀਆਂ ਵਿਚ ਜ਼ਮੀਨ ਦੀ ਮਾਲਕੀ ਨੂੰ ਵਧਾਉਣ ਦਾ ਲਾਲਚ ਪ੍ਰਬਲ ਹੈ।

ਸਾਹਿਤ ਯਥਾਰਥਵਾਦੀ ਜ਼ਿੰਦਗੀ ਦਾ ਪ੍ਰਗਟਾਵਾ ਹੈ। ਗੁਰਬਚਨ ਸਿੰਘ ਭੁੱਲਰ ਯਥਾਰਥ ਦੀਆਂ ਤਹਿਆਂ ਫਰੋਲਣ ਵਾਲਾ ਕਹਾਣੀਕਾਰ ਹੈ। ਉਸ ਕੋਲ ਸਾਹਿਤ ਵਿਚ ਪੇਸ਼ ਕਰਨ ਯੋਗ ਘਟਨਾ ਵੇਖ ਲੈਣ ਵਾਲੀ ਸੂਝ ਅਤੇ ਘਟਨਾ ਨੂੰ ਕਹਾਣੀ ਵਿਚ ਪਰਿਵਰਤਿਤ ਕਰਨ ਵਾਲੀ ਉਚਿਤ ਵਿਧੀ ਵੀ ਹੈ। ਉਹ ਜੀਵਨ ਨੂੰ ਗਹੁ ਨਾਲ ਵੇਖਣ ਵਾਲਾ ਅਤੇ ਯਥਾਰਥ ਨੂੰ ਵਿਸ਼ੇਸ਼ ਕੋਣ ਤੋਂ ਆਪਣੇ ਨਵੇਕਲੇ ਅੰਦਾਜ਼ ਵਿਚ ਪੇਸ਼ ਕਰਨ ਵਾਲਾ ਕਲਾਕਾਰ ਹੈ। ਉਸ ਦੀਆਂ ਕਹਾਣੀਆਂ "ਰਾਤ ਕੈਸੇ ਕਟੇ ?" "ਜਿਸ ਮਰਨੇ ਤੇ ਜਗ ਡਰੈ', 'ਰਾਤਾਂ ਕਾਲੀਆਂ", 'ਹਰ ਮੁਟਿਆਰ ਸੁਨੀਤਾ ਹੈ' ਵਿਸ਼ੇਸ਼ ਕਰਕੇ ਅਤੇ ਹੋਰ ਬਹੁਤ ਸਾਰੀਆਂ ਕਹਾਣੀਆਂ ਜੀਵਨ ਦੇ ਯਥਾਰਥ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀਆਂ ਹਨ।

ਗੁਰਬਚਨ ਸਿੰਘ ਭੁੱਲਰ ਦੀ ਦ੍ਰਿਸ਼ਟੀ ਮਾਨਵਵਾਦੀ ਦ੍ਰਿਸ਼ਟੀ ਹੈ। ਉਹ ਮਨੁੱਖ ਦੀ ਮਹਾਨਤਾ ਵਿਚ ਵਿਸ਼ਵਾਸ ਰੱਖਦਾ ਹੈ। ਉਸ ਦੇ ਪਾਤਰ ਸੌੜੀਆਂ ਸੀਮਾਵਾਂ ਵਿਚ ਬੱਝੇ ਹੋਏ ਵਿਅਕਤੀ ਨਹੀਂ ਹੁੰਦੇ। 'ਫੱਤੂ ਮਰਾਸੀ', 'ਵਿਰਲਾਂ ਵਿਚੋਂ ਝਾਕਦਾ ਹਨੇਰਾ', 'ਅਲੇਹਾ', 'ਵਖ਼ਤਾਂ ਮਾਰੇ', 'ਰੇਸ਼ਮ ਦੀ ਛੋਹ' ਅਤੇ 'ਬੋਰੇ ਦਾ ਘਾਸਾ' ਆਦਿ ਕਹਾਣੀਆਂ ਉਸਦੀ ਮਾਨਵਵਾਦੀ ਦ੍ਰਿਸ਼ਟੀ ਦਾ ਪ੍ਰਮਾਣ ਹਨ। ਇਸੇ ਮਾਨਵਵਾਦ ਨੇ ਉਸ ਕੋਲੋ 'ਕੀ ਜਾਣਾਂ ਮੈਂ ਕੌਣ!' ਅਤੇ 'ਮਾਨਵ ਸ਼ਸਤਰ' ਵਰਗੀਆਂ ਕਹਾਣੀਆਂ ਲਿਖਵਾਈਆਂ ਹਨ। ਕਹਾਣੀ ਵਖ਼ਤਾਂ ਮਾਰੇ ਵਿਚ ਪੁਲਸ ਵਲੋਂ ਮਾਰੇ ਗਏ ਗੱਭਰੂ ਦੇ ਪਰਿਵਾਰ ਨਾਲ ਉਸ ਦੇ ਪਿੰਡ ਪੁੱਜ ਕੇ ਮੈਂ ਪਾਤਰ ਦਾ ਹਮਦਰਦੀ ਪ੍ਰਗਟ ਕਰਨਾ ਇਸੇ ਮਾਨਵੀ ਜਜ਼ਬੇ ਦੀ ਸ਼ਾਹਦੀ ਭਰਦਾ ਹੈ।

ਗੁਰਬਚਨ ਸਿੰਘ ਭੁੱਲਰ ਪ੍ਰਗਤੀਵਾਦੀ ਵਿਚਾਰਧਾਰਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਕਹਾਣੀਕਾਰ ਹੈ ,ਪਰ ਇਹ ਗੱਲ ਸਪੱਸ਼ਟ ਤੌਰ ਤੇ ਆਖੀ ਜਾ ਸਕਦੀ ਹੈ ਕਿ ਉਸ ਨੇ ਆਪਣੀਆਂ ਕਹਾਣੀਆਂ ਵਿਚ ਕਿਤੇ ਵੀ ਸਿੱਧੇ ਤੌਰ 'ਤੇ ਮਾਰਕਸਵਾਦ ਦਾ ਪ੍ਰਚਾਰ ਨਹੀਂ ਕੀਤਾ। ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਉਸ ਨੇ ਮਾਰਕਸਵਾਦੀ ਨਜ਼ਰੀਏ ਨੂੰ ਆਪਣੀ ਕਲਾ 'ਤੇ ਕਦੇ ਹਾਵੀ ਨਹੀਂ ਹੋਣ ਦਿੱਤਾ।

ਗੁਰਬਚਨ ਸਿੰਘ ਭੁੱਲਰ ਨੈਤਿਕ ਕਦਰਾਂ-ਕੀਮਤਾਂ ਦਾ ਮੁੱਦਈ ਕਥਾਕਾਰ ਹੈ। ਉਹ ਅਜੋਕੇ ਦੌਰ ਦੇ ਅਹਿਸਾਸਹੀਣ ਮਨੁੱਖ ਦੀ ਇਖ਼ਲਾਕੀ ਗਿਰਾਵਟ ਨੂੰ ਸਮਾਜ ਦੇ ਸਨਮੁੱਖ ਕਰਦਾ ਹੈ। ਨੈਤਿਕ ਕਦਰਾਂ-ਕੀਮਤਾਂ ਵਿਚ ਆ ਰਿਹਾ ਨਿਘਾਰ ਉਸ ਦੀ ਚਿੰਤਾ ਦਾ ਮੁੱਖ ਵਿਸ਼ਾ ਹੈ। ਟੁੱਟਦੇ ਰਿਸ਼ਤਿਆਂ ਦੀ ਦਾਸਤਾਨ, ਅਪਣੱਤ ਦੀ ਕਮੀ, ਸੌੜੀ ਸੋਚ ਦੇ ਪਿੱਛੇ ਉਸ ਨੂੰ ਮਾਰੂ ਭਵਿੱਖ ਦੀ ਤਸਵੀਰ ਦਿਖਾਈ ਦੇ ਰਹੀ ਹੈ। 'ਕੁੱਤਾ ਅਤੇ ਮਨੁੱਖ' ਕਹਾਣੀ ਵਿਚ ਭੁੱਲਰ ਨੇ ਕੁੱਤੇ ਨੂੰ ਮਨੁੱਖ ਨਾਲੋਂ ਵੱਧ ਸੰਵੇਦਨਸ਼ੀਲ ਦਿਖਾ ਕੇ ਨੈਤਿਕ ਕਦਰਾਂ ਤੋਂ ਕੋਰੇ ਲੋਕਾਂ ਉਤੇ ਤਿੱਖਾ ਵਿਅੰਗ ਕੀਤਾ ਹੈ। 'ਦੋ ਜਣੇ' ਕਹਾਣੀ ਵਿਚ ਭੁੱਲਰ ਨੇ ਮਨੁੱਖ ਤੇ ਕੁੱਤੇ ਵਿਚਲੇ ਰਿਸ਼ਤੇ ਨੂੰ ਮਨੁੱਖ ਤੇ ਪਰਿਵਾਰ ਵਿਚਲੇ ਰਿਸ਼ਤੇ ਨਾਲੋਂ ਵੱਧ ਸੁਖਾਵਾਂ ਤੇ ਅਪਣੱਤ ਭਰਿਆ ਦਿਖਾ ਕੇ ਅਜੋਕੇ ਇਨਸਾਨ ਦੀ ਬੇਰੁਖੀ ਤੇ ਨਿਰਦਈ ਵਤੀਰੇ ਨੂੰ ਬੇਨਕਾਬ ਕੀਤਾ ਹੈ। ਇੱਕੀਵੀਂ ਸਦੀ ਦੀ ਕਹਾਣੀ ਅਜੋਕੇ ਇਨਸਾਨ ਵਿਚ ਦਿਨੋ ਦਿਨ ਮਿਟਦੀ ਜਾ ਰਹੀ ਇਨਸਾਨੀਅਤ ਨੂੰ ਬਾਖ਼ੂਬੀ ਰੂਪਮਾਨ ਕਰਦੀ ਹੈ। 'ਵਿੱਥਾਂ ਮਿਟ ਗਈਆਂ' ਅਤੇ 'ਰਾਤ ਕੈਸੇ ਕਟੇ ?' ਕਹਾਣੀਆਂ ਵੀ ਅਜੋਕੇ

ਦੌਰ ਵਿਚ ਦਿਨੋ-ਦਿਨ ਖਤਮ ਹੋ ਰਹੀਆਂ ਨੈਤਿਕ ਕਦਰਾਂ-ਕੀਮਤਾਂ ਦੀ ਮਾਰਮਿਕ ਤਸਵੀਰਕਸ਼ੀ ਕਰਦੀਆਂ ਹਨ। ਲੇਖਕ ਆਪਣੀਆਂ ਕਹਾਣੀਆਂ ਰਾਹੀਂ ਸਮਾਜ ਨੂੰ ਨੈਤਿਕਹੀਣਤਾ ਦੇ ਵੱਧ ਰਹੇ ਪ੍ਰਭਾਵ ਤੋਂ ਸੁਚੇਤ ਕਰਦਾ ਹੈ।

ਗੁਰਬਚਨ ਸਿੰਘ ਭੁੱਲਰ ਨੇ ਆਪਣੀਆਂ ਕਹਾਣੀਆਂ ਵਿਚ ਵਿਭਿੰਨ ਰਾਜਨੀਤਿਕ ਪਹਿਲੂਆਂ ਨੂੰ ਯਥਾਸੰਭਵ ਹੱਦ ਤੱਕ ਸ਼ਾਮਲ ਕੀਤਾ ਅਤੇ ਪ੍ਰਗਟਾਇਆ ਹੈ। ਉਸ ਦੀ ਕਹਾਣੀ 'ਪੱਥਰ ਦਾ ਬੁੱਤ' ਉਨ੍ਹਾਂ ਬਲੀਦਾਨੀਆਂ ਦੇ ਗੌਰਵਮਈ ਇਤਿਹਾਸ ਨੂੰ ਸਾਕਾਰ ਰੂਪ ਵਿਚ ਪੇਸ਼ ਕਰਦੀ ਹੈ, ਜਿਨ੍ਹਾਂ ਨੇ ਦੇਸ਼ ਦੀ ਸੁਤੰਤਰਤਾ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰ ਦਿੱਤੀਆਂ। 'ਤਾਮਰ -ਪੱਤਰ' ਅਤੇ 'ਪੱਥਰ ਦਾ ਬੁੱਤ' ਦੋਵੇਂ ਕਹਾਣੀਆਂ ਇਹ ਦੱਸਣ ਵਿਚ ਪੂਰੀ ਤਰ੍ਹਾਂ ਸਫ਼ਲ ਹੋਈਆਂ ਹਨ ਕਿ ਆਜ਼ਾਦੀ ਤੋਂ ਬਾਅਦ ਦੇਸ਼ ਦੀ ਹਾਲਤ ਵਿਚ ਤਬਦੀਲੀ ਨਾ-ਬਰਾਬਰ ਹੀ ਹੋਈ ਹੈ, ਕਿਉਂਕਿ ਸਰਕਾਰ ਦੇ ਝੋਲੀ-ਚੁੱਕ ਹੁਣ ਵੀ ਉਵੇਂ ਪ੍ਰਧਾਨ ਬਣੇ ਫਿਰਦੇ ਹਨ, ਜਦ ਕਿ ਆਜ਼ਾਦੀ ਘੁਲਾਟੀਏ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਹਨ। ਇਸੇ ਦੇ ਪ੍ਰਤੀਕਰਮ ਵਜੋਂ ਨਰਾਇਣ ਸਿੰਘ ਤਾਮਰ-ਪੱਤਰ ਲਏ ਬਿਨਾਂ ਹੀ ਵਾਪਸ ਪਰਤ ਆਉਂਦਾ ਹੈ। ਭੁੱਲਰ ਆਪਣੀਆਂ ਕਹਾਣੀਆਂ ਵਿਚ ਕਿਸਾਨਾਂ, ਮਜ਼ਦੂਰਾਂ ਅਰਥਾਤ ਮਿਹਨਤਕਸ਼ ਸ਼੍ਰੇਣੀਆਂ ਦਾ ਪੱਖ ਪੂਰਦਾ ਹੈ। ਰਾਜਨੀਤੀ ਤੋਂ ਪ੍ਰੇਰਿਤ ਕਹਾਣੀ 'ਮੋਰਚੇ' ਇਸ ਪਰਿਪੇਖ ਵਿਚ ਇਕ ਉਤਕ੍ਰਿਸ਼ਟ ਰਚਨਾ ਹੋ ਨਿਬੜੀ ਹੈ। 'ਅਲੇਹਾ', 'ਫੱਤੂ ਮਰਾਸੀ', 'ਵਖ਼ਤਾਂ ਮਾਰੇ', ਆਦਿ ਕਹਾਣੀਆਂ ਵੀ ਰਾਜਨੀਤਕ ਪੱਖ ਨੂੰ ਦਰਸਾਉਂਦੀਆਂ ਹਨ।

ਆਰਥਕਤਾ ਅਜੋਕੇ ਜੀਵਨ-ਪ੍ਰਬੰਧ ਦੀ ਮੂਲ ਸੰਚਾਲਕ ਸ਼ਕਤੀ ਸਥਾਪਤ ਹੋ ਚੁੱਕੀ ਹੈ। ਆਰਥਿਕ ਮੰਦਹਾਲੀ ਸਮਾਜ ਦੇ ਨਿਮਨ ਅਤੇ ਮੱਧ-ਵਰਗੀ ਲੋਕਾਂ ਦੇ ਜੀਵਨ ਦੀਆਂ ਸਾਧਾਰਨ ਖੁਸ਼ੀਆਂ ਨੂੰ ਵੀ ਚੱਟ ਕਰਦੀ ਜਾ ਰਹੀ ਹੈ। ਭੁੱਲਰ ਦੀ ਕਹਾਣੀ 'ਕਾਰ ਖਿਡੌਣਾ ਬੁਰਜੁਆ ਸਮਾਜ ਉਤੇ ਕਰਾਰਾ ਵਿਅੰਗ ਹੈ। ਬੁਰਜੁਆ ਸਮਾਜ ਵਿਚ ਮਿਹਨਤਕਸ਼ ਵਿਅਕਤੀ ਆਪਣੀਆਂ ਮੁੱਢਲੀਆਂ ਲੋੜਾਂ ਤੋਂ ਵੀ ਵਾਂਝੇ ਰਹਿੰਦੇ ਹਨ, ਜਦੋਂ ਕਿ ਦੋਲਤਮੰਦ ਵਿਅਕਤੀ ਐਸ਼-ਇਸ਼ਰਤ ਦਾ ਜੀਵਨ ਬਤੀਤ ਕਰਦੇ ਹਨ। 'ਅੱਖਾਂ ਦੀ ਲਿਸ਼ਕ' ਕਹਾਣੀ ਵੀ ਇਸੇ ਭਾਵਨਾ ਨੂੰ ਵਿਅਕਤ ਕਰਦੀ ਹੈ। 'ਰੇਸ਼ਮ ਦੀ ਛੋਹ' ਅਤੇ 'ਬੋਰੇ ਦਾ ਘਾਸਾ' ਕਹਾਣੀ ਪਿੰਡਾਂ ਦੇ ਅਮੀਰ ਸਰਦਾਰਾਂ ਅਤੇ ਉਨ੍ਹਾਂ ਦੇ ਸੀਰੀਆਂ ਦੀ ਆਰਥਕ ਹਾਲਤ ਨੂੰ ਉਘਾੜਦੀ ਹੈ। ਇਨ੍ਹਾਂ ਤੋਂ ਇਲਾਵਾ ਭੁੱਲਰ ਦੀਆਂ ਕਹਾਣੀਆਂ 'ਰਾਤਾਂ ਕਾਲੀਆਂ', 'ਰਾਤ ਕੈਸੇ ਕਟੇ ?", 'ਅਲੇਹਾ', 'ਕੈਦ, ਉਮਰ ਕੈਦ', 'ਤੀਜੀ ਗੱਲ' ਵੀ ਜੀਵਨ ਦੀ ਪੀਡੀ ਹੋ ਰਹੀ ਆਰਥਿਕ ਜਕੜ ਨੂੰ ਦਰਸਾਉਂਦੀਆਂ ਹੋਈਆਂ ਲੋਕਾਂ ਦੀ ਮਨੋਸੰਵੇਦਨਾ ਦਾ ਯਥਾਰਥਕ ਚਿਤਰ ਪੇਸ਼ ਕਰਦੀਆਂ ਹਨ।

ਭੁੱਲਰ ਦੇ ਕਥਾ ਜਗਤ ਵਿਚੋਂ ਪੰਜਾਬੀ ਸਭਿਆਚਾਰਕ ਵਿਰਾਸਤ ਆਪਣੇ ਮੌਲਕ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸ ਦੀਆਂ ਕਹਾਣੀਆਂ ਵਿਸ਼ੇਸ਼ ਤੌਰ 'ਤੇ ਮਾਲਵੇ ਦੀ ਆਂਚਲਿਕਤਾ ਨੂੰ ਰੂਪਮਾਨ ਕਰਦੀਆਂ ਹਨ। ਚਰਖਾ ਪੰਜਾਬੀ ਜੀਵਨ ਦਾ ਇਕ ਅਨਿੱਖੜ ਅੰਗ ਹੈ। ਭੁੱਲਰ ਦੀ ਕਹਾਣੀ 'ਰਾਤਾਂ ਕਾਲੀਆਂ ਵਿਚ ਪਰੇਮ ਕੌਰ ਨੂੰ ਆਪਣੇ ਪਤੀ ਦੀ ਯਾਦ ਸਤਾਉਂਦੀ ਹੈ। ਚਰਖੇ ਦੀ ਘੂੰ-ਘੂੰ ਨਾਲ ਉਸ ਦੇ ਹਉਕੇ ਟੱਪੇ ਬਣ ਬਣ ਨਿਕਲਦੇ ਹਨ। ਅਜੋਕੇ ਦੌਰ ਵਿਚ ਅਲੋਪ ਹੋ ਰਿਹਾ ਹਲ ਭੁੱਲਰ ਦੀ ਕਹਾਣੀ 'ਬਾਜਾਂ ਵਾਲੇ ਦੀ ਸਹੁੰ!' ਦਾ ਕੇਂਦਰ ਬਿੰਦੂ ਹੈ। ਭੁੱਲਰ ਦੀਆਂ ਕਹਾਣੀਆਂ ਪੰਜਾਬੀ ਸਭਿਆਚਾਰ ਦਾ ਯਥਾਰਥਕ ਚਿਤਰਨ ਕਰਦੀਆਂ ਹਨ। ਉਸ ਦੀਆਂ ਕਹਾਣੀਆਂ ਵਿਚ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ, ਢਾਬਾਂ, ਟੋਭਿਆਂ, ਝਿੜੀਆਂ, ਟਾਹਲੀਆਂ, ਚੁਬਾਰੇ, ਗੁਹਾਰੇ, ਕੁੱਪ, ਲਿੱਪੀਆਂ-ਪੋਚੀਆਂ ਬੁਖਾਰੀਆਂ, ਚਰਖਾ, ਤਕਲਾ, ਸੰਦੂਖ, ਦਰੀਆਂ, ਖੇਸ, ਚਾਟੀਆਂ, ਮਧਾਣੀਆਂ, ਚੁੱਲ੍ਹਾ-ਚੌਂਕਾ, ਮਿੱਟੀ ਦੀ ਕੁਨਾਲੀ, ਚਿਮਟਾ, ਫੂਕਣੀ, ਰੋਟੀਆਂ ਦਾ ਛਾਬਾ, ਹਾਰੇ ਦੀ ਦਾਲ, ਸਰ੍ਹੋਂ ਦਾ ਸਾਗ, ਖੋਏ ਦੀਆਂ ਪਿੰਨੀਆਂ ਸਾਡੀ ਸਭਿਆਚਾਰਕ ਵਿਰਾਸਤ ਦਾ ਜਿਉਂਦਾ-ਜਾਗਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਭੁੱਲਰ ਨੇ ਆਪਣੀ ਕਹਾਣੀ ਫੱਤੂ ਮਰਾਸੀ ਵਿਚ ਪੰਜਾਬ ਦੀ ਮੁੱਢ-ਕਦੀਮੀ ਪਰਸਪਰ ਸਾਂਝ ਨੂੰ ਦ੍ਰਿਸ਼ਟੀਗੋਚਰ ਕਰਾਇਆ ਹੈ। ਫੱਤੂ ਕੇਵਲ ਇਕ ਪਾਤਰ ਹੀ ਨਹੀਂ, ਉਹ ਪੰਜਾਬ ਦੀ ਸਦੀਆਂ ਪੁਰਾਣੀ ਸਾਂਝ ਵਾਲੇ ਸਮਾਜਕ ਭਾਈਚਾਰੇ ਦਾ ਇਕ ਚਿੰਨ੍ਹ ਹੈ। ਭੁੱਲਰ ਪੰਜਾਬੀ ਸਭਿਆਚਾਰ ਦੇ ਉਸ ਵਿਸ਼ੇਸ਼ ਪੱਖ ਨੂੰ ਮੁੱਖ ਰੱਖਦਾ ਹੈ ਜਿਸ ਵਿਚ ਧਾਰਮਿਕ ਕੱਟੜਤਾ ਨਹੀਂ, ਕੋਈ ਫਿਰਕੂ-ਵੰਡ ਨਹੀਂ। ਉਹ ਪੰਜਾਬੀ ਸਭਿਆਚਾਰ ਦੇ ਸਹਿਣਸ਼ੀਲਤਾ ਅਤੇ ਆਪਸੀ ਭਾਈਚਾਰੇ ਦੇ ਵਿਸ਼ੇਸ਼ ਗੁਣਾਂ ਨੂੰ ਗ੍ਰਹਿਣ ਕਰਵਾਉਣ ਦਾ ਅਭਿਲਾਸ਼ੀ ਹੈ। ਪੰਜਾਬੀ ਸਭਿਆਚਾਰ ਵਿਚ ਰਿਸ਼ਤੇ ਨਾਤੇ ਅਤੇ ਲੋਕ ਗੀਤ ਇਕ ਅਹਿਮ ਕਿਰਦਾਰ ਨਿਭਾਉਂਦੇ ਹਨ। ਭੁੱਲਰ ਦੀਆਂ ਕਹਾਣੀਆਂ 'ਗੁਆਚੀ ਪੈੜ', 'ਰਾਤਾਂ ਕਾਲੀਆਂ', 'ਵਿਰਲਾਂ ਵਿਚੋਂ ਝਾਕਦਾ ਹਨੇਰਾ ਆਦਿ ਇਸ ਸਚਾਈ ਨੂੰ ਦ੍ਰਿਸ਼ਟੀਮਾਨ ਕਰਦੀਆਂ ਹਨ।

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿਚ ਨਾਰੀ ਸੰਵੇਦਨਾ ਦੇ ਵਿਲੱਖਣ ਪਹਿਲੂ ਸਾਕਾਰ ਹੋਏ ਹਨ। ਭੁੱਲਰ, ਔਰਤ ਮਨ ਨੂੰ ਸੂਖਮਤਾ ਸਹਿਤ ਸਮਝਣ ਵਾਲਾ ਸੰਵੇਦਨਸ਼ੀਲ ਕਥਾਕਾਰ ਹੈ। ਉਸ ਦੀਆਂ ਇਸਤਰੀ ਪਾਤਰ ਜਿਉਂਦੀਆਂ ਜਾਗਦੀਆਂ ਪੂਰਨ ਔਰਤਾਂ ਹਨ। ਭੁੱਲਰ ਦੇ ਇਸਤਰੀ ਪਾਤਰਾਂ ਦਾ ਰੂਪ ਉਨ੍ਹਾਂ ਦੇ ਕਿਰਦਾਰ, ਘਰੇਲੂਪਣ ਅਤੇ ਬਲੀਦਾਨ ਵਿਚੋਂ ਉਘੜਦਾ ਹੈ। ਲੇਖਕ ਇਸ ਸਚਾਈ ਤੋਂ ਭਲੀ ਪ੍ਰਕਾਰ ਜਾਣੂ ਹੈ ਕਿ ਔਰਤ ਤੋਂ ਬਗ਼ੈਰ ਕੋਈ ਸੰਸਕ੍ਰਿਤੀ ਪੂਰਨ ਨਹੀਂ ਹੁੰਦੀ। ਭੁੱਲਰ ਨੇ ਆਪਣੀਆਂ ਇਸਤਰੀ ਮੁੱਖ ਪਾਤਰਾਂ ਵਾਲੀਆਂ ਕਹਾਣੀਆਂ ਦਾ ਇਕ ਵੱਖਰਾ ਕਹਾਣੀ ਸੰਗ੍ਰਹਿ ਧਰਤੀ ਦੀਆਂ ਧੀਆਂ ਸਿਰਲੇਖ ਹੇਠ ਪ੍ਰਕਾਸ਼ਿਤ ਕਰਵਾਇਆ ਹੈ, ਜੋ ਉਸ ਦੇ ਨਾਰੀ ਸੰਵੇਦਨਾ ਦੇ ਮੁੱਦਈ ਹੋਣ ਦਾ ਵੱਡਾ ਸਬੂਤ ਹੈ। ਭੁੱਲਰ ਦੀਆਂ ਕਹਾਣੀਆਂ ਦੀਆਂ ਇਸਤਰੀਆਂ ਨਾ ਤਾਂ ਸੌੜੀ ਮਾਨਸਿਕਤਾ ਨੂੰ ਪ੍ਰਗਟਾਉਂਦੀਆਂ ਹਨ ਅਤੇ ਨਾ ਹੀ ਸਦਾ ਲਈ ਰੋਣ ਦਾ ਮਾਰਗ ਅਪਣਾਉਂਦੀਆਂ ਹਨ। ਗੁਆਚੀ ਪੈੜ ਦੀ ਨਾਇਕਾ ਕੁਲਵਿੰਦਰ ਇਕ ਸੁਹਿਰਦ, ਹਸਮੁੱਖ ਅਤੇ ਆਪਣੇ ਆਪ ਨੂੰ ਸੰਜਮ ਵਿਚ ਰੱਖਣ ਵਾਲੀ ਇਸਤਰੀ ਹੈ। ਕਹਾਣੀ ਖ਼ੂਨ ਦੀ ਕੁਲਵੰਤ ਕੌਰ ਦੀ ਸੰਵੇਦਨਾ ਕਦੇ ਵੀ ਆਪਣੇ ਰਾਹ ਤੋਂ ਭਟਕਦੀ ਨਹੀਂ। ਆਪਣੀਆਂ ਕਹਾਣੀਆਂ ਦੇ ਸਾਹਸੀ ਇਸਤਰੀ ਪਾਤਰਾਂ ਦਾ ਦਿਲਕਸ਼ ਚਿਤਰ ਉਲੀਕਦਿਆਂ ਭੁੱਲਰ ਲਿਖਦਾ ਹੈ -:

"ਇਹਨਾਂ ਕਹਾਣੀਆਂ ਵਿਚ ਕੁਝ ਪੰਜਾਬਣਾਂ ਪੇਸ਼ ਹਨ -ਮਮਤਾ, ਖਿਮਾ ਤੇ ਸਬਰ-ਸੰਤੋਖ ਦੀਆਂ ਮੂਰਤਾਂ, ਨਿਰਭੈ, ਸੂਰਬੀਰ ਤੇ ਜੇਰੇ ਵਾਲੀਆਂ।" [4]

ਭੁੱਲਰ ਭਾਵੇਂ ਪੇਂਡੂ ਸਮਾਜ ਦਾ ਚਿਤੇਰਾ ਹੈ ਪਰ ਉਸ ਦੀਆਂ ਸ਼ਹਿਰੀ ਸਮਾਜ ਨੂੰ ਰੂਪਮਾਨ ਕਰਦੀਆਂ ਕਹਾਣੀਆਂ ਇਹ ਦਰਸਾਉਣ ਵਿਚ ਪੂਰੀ ਤਰ੍ਹਾਂ ਸਫ਼ਲ ਹਨ ਕਿ ਸ਼ਹਿਰੀ ਜੀਵਨ ਉਤੇ ਵੀ ਉਸ ਦੀ ਪਕੜ ਮਜ਼ਬੂਤ ਹੈ। ਸ਼ਹਿਰੀ ਸਮਾਜਕ ਜੀਵਨ ਦੀ ਬੇਚੈਨੀ, ਬੇਰੁਖੀ, ਬੇਵਸੀ, ਬੇਗਾਨਗੀ, ਅਣਲੱਗਤਾ ਅਤੇ ਅਣਭਿੱਜਤਾ ਦਾ

ਉਸਨੂੰ ਡੂੰਘਾ ਅਨੁਭਵ ਹੈ। ਭੁੱਲਰ ਨੇ ਆਪਣੀ ਕਹਾਣੀ 'ਰੋਹੀ-ਬੀਆਬਾਨ' ਵਿਚ ਪੇਂਡੂ ਤੇ ਸ਼ਹਿਰੀ ਜੀਵਨ ਵਿਚਲੇ ਫ਼ਰਕ ਨੂੰ ਉਘਾੜਿਆ ਹੈ। ਸ਼ਹਿਰਾਂ ਦੀ ਜ਼ਿੰਦਗੀ ਆਪਸੀ ਸਾਂਝ ਤੋਂ ਸੱਖਣੀ ਹੁੰਦੀ ਜਾ ਰਹੀ ਹੈ ,ਪਰ ਪੇਂਡੂ ਜੀਵਨ ਵਿਚ ਇਹ ਸਾਂਝ ਅਜੇ ਵੀ ਕਾਇਮ ਹੈ। ਇਸ ਕਹਾਣੀ ਵਿਚ ਭੁੱਲਰ ਪਿੰਡ ਦੇ ਮਾਹੌਲ ਨੂੰ ਆਪਸੀ ਭਾਈਚਾਰੇ ਦੇ ਪ੍ਰਤੀਕ ਵਜੋਂ ਅਤੇ ਸ਼ਹਿਰ ਨੂੰ ਰੋਹੀ-ਬੀਆਬਾਨ ਵਜੋਂ ਚਿਤਰਦਾ ਹੈ। 'ਅੱਖਾਂ ਦੀ ਲਿਸ਼ਕ' ਕਹਾਣੀ ਮਹਿੰਗਾਈ ਤੋਂ ਬੇਚੈਨ ਹੋਈ ਸ਼ਹਿਰੀ ਮੱਧ-ਸ਼੍ਰੇਣੀ ਦੀਆਂ ਮਜਬੂਰੀਆਂ ਅਤੇ ਅਕਾਂਖਿਆਵਾਂ ਨੂੰ ਬਿਆਨ ਕਰਦੀ ਹੈ। 'ਪਰਤਾਂ ਵਿਚ ਜਿਉਂਦੇ ਬੰਦੇ' ਕਹਾਣੀ ਸ਼ਹਿਰੀ ਜੀਵਨ ਦੇ ਨਿੱਕੇ-ਨਿੱਕੇ ਝਗੜਿਆਂ ਨੂੰ ਬੜੀ ਬਾਰੀਕੀ ਨਾਲ ਬਿਆਨ ਕਰਦੀ ਹੈ ,ਜਿਵੇਂ ਕਿਰਾਏਦਾਰਾਂ ਦੇ ਮਕਾਨ-ਮਾਲਕਾਂ ਨਾਲ, ਛੱਤ ਉਤੇ ਰਹਿਣ ਵਾਲਿਆਂ ਦੇ ਹੇਠਲਿਆਂ ਨਾਲ ਹੁੰਦੇ ਝਗੜੇ। ਇਹ ਕਹਾਣੀ ਦਫ਼ਤਰਾਂ ਵਿਚ ਕਰਮਚਾਰੀਆਂ ਦੇ ਆਪਸੀ ਝਗੜਿਆਂ ਨੂੰ ਵੀ ਹੂ-ਬ-ਹੂ ਦਰਸਾਉਂਦੀ ਹੈ। ਸ਼ਹਿਰੀ ਜੀਵਨ ਵਿਚ ਮੋਹ ਮੁਹੱਬਤ ਦਿਨੋਂ ਦਿਨ ਘਟਦੀ ਜਾ ਰਹੀ ਹੈ। ਮਨੁੱਖ ਸਵੈ-ਕੇਂਦਰਿਤ ਹੁੰਦਾ ਜਾ ਰਿਹਾ ਹੈ। ਮੌਜੂਦਾ ਦੌਰ ਦੇ ਮਨੁੱਖ ਦੀ ਅੰਤਰਮੁਖਤਾ ਉਸ ਨੂੰ ਸਮਾਜ ਨਾਲੋਂ ਤੋੜ ਰਹੀ ਹੈ। ਫਲਸਰੂਪ, ਉਹ ਸਵੈ-ਕੇਂਦਰਿਤ ਹੋ ਕੇ ਨਿਰਾਸ਼ਾ ਦਾ ਸ਼ਿਕਾਰ ਹੋ ਰਿਹਾ ਹੈ।

ਭੁੱਲਰ ਦੀਆਂ ਕਹਾਣੀਆਂ ਵਿਚ ਦਲਿਤ ਚੇਤਨਾ ਵੀ ਪ੍ਰਗਟ ਹੋਈ ਹੈ। 'ਰੇਸ਼ਮ ਦੀ ਛੋਹ' ਅਤੇ 'ਬੋਰੇ ਦਾ ਘਾਸਾ' ਦਾ ਸੰਗੂ ਦਲਿਤ ਚੇਤਨਾ ਨੂੰ ਪ੍ਰਗਟਾਉਣ ਵਾਲਾ ਸੀਰੀ ਪਾਤਰ ਹੈ। ਸੰਗੂ ਨੂੰ ਸੀਰੀ ਸਮਝ ਕੇ ਜਦੋਂ ਨਾਲ ਦੀ ਰੋਟੀ, ਸਬਜ਼ੀ-ਭਾਜੀ ਦੇਣ ਸੰਬੰਧੀ ਵਿਤਕਰਾ ਕੀਤਾ ਜਾਂਦਾ ਹੈ ਤਾ ਭੁੱਲਰ ਇਸ ਨੂੰ ਸਹਿਣ ਨਹੀਂ ਕਰਦਾ। ਉਸ ਦੀ ਕਲਮ ਸੰਗੂ ਪ੍ਰਤੀ ਹਮਦਰਦੀ ਜਗਾਉਣ ਲਈ ਸਮਾਜ ਦੇ ਸਨਮੁੱਖ ਬੜੀ ਬੇਬਾਕੀ ਨਾਲ ਇਨਸਾਫ ਤੇ ਹੱਕ ਦੀ ਦੁਹਾਈ ਦਿੰਦੀ ਹੈ।

ਕਿਸੇ ਸਾਹਿਤਕ ਕਿਰਤ ਨੂੰ ਸਮਝਣ ਸਮਝਾਉਣ ਲਈ ਦੋ ਹਿੱਸਿਆਂ ਵਿਚ ਵੰਡ ਲਿਆ ਜਾਂਦਾ ਹੈ -:ਰੂਪ ਅਤੇ ਵਿਸ਼ਾ ਵਸਤੂ, ਭਾਵੇਂ ਇਹਨਾਂ ਨੂੰ ਰੂਹ ਤੇ ਕਲਬੂਤ ਵਾਂਗ ਨਿਖੇੜਿਆ ਨਹੀਂ ਜਾ ਸਕਦਾ। ਕੁਝ ਆਲੋਚਕ ਰੂਪ ਭਾਵ ਤਕਨੀਕ )ਵਿਧੀ (ਦੀ ਪ੍ਰਮੁੱਖਤਾ ਤੇ ਜ਼ੋਰ ਦਿੰਦੇ ਹਨ ਅਤੇ ਕੁਝ ਵਿਸ਼ਾ-ਵਸਤੂ 'ਤੇ। ਮਾਰਕ ਸ਼ੋਰਰ ਤਾਂ ਇਥੋਂ ਤੱਕ ਕਹਿ ਦਿੰਦਾ ਹੈ ਕਿ ਜਦੋਂ ਅਸੀਂ ਤਕਨੀਕ ਦੀ ਗੱਲ ਕਰਦੇ ਹਾਂ ਤਾਂ ਉਸ ਵਿਚ ਤਕਰੀਬਨ ਸਭ ਕੁਝ ਆ ਜਾਂਦਾ ਹੈ। ਉਹ ਆਖਦਾ ਹੈ-:

'ਤਕਨੀਕ ਹੀ ਉਹ ਸਾਧਨ ਹੈ ਜਿਸ ਰਾਹੀਂ ਲੇਖਕ ਦਾ ਅਨੁਭਵ, ਜੋ ਉਸ ਦਾ ਵਿਸ਼ਾ ਵਸਤੂ ਬਣਦਾ ਹੈ, ਉਸ ਨੂੰ ਆਪਣੇ ਵੱਲ ਧਿਆਨ ਦੇਣ ਦੀ ਪ੍ਰੇਰਣਾ ਦਿੰਦਾ ਹੈ। ਵਿਧੀ ਹੀ ਇਕੋ ਇਕ ਸਾਧਨ ਹੈ ਜਿਸ ਰਾਹੀਂ ਉਹ ਆਪਣੇ ਵਿਸ਼ੇ ਨੂੰ ਲੱਭਦਾ, ਰੂਪਦਾ, ਉਸਾਰਦਾ, ਨਵੇਂ ਅਰਥ ਦੇਂਦਾ ਅਤੇ ਅਖੀਰ ਮੁਲੰਕਦਾ ਹੈ।' [5]

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਨੂੰ ਗਹੁ ਨਾਲ ਵਿਚਾਰਨ ਤੋਂ ਪਤਾ ਲਗਦਾ ਹੈ ਕਿ ਉਸ ਨੂੰ ਵਿਸ਼ਾ ਅਤੇ ਰੂਪ ਦੋਵੇਂ ਪੱਖਾਂ ਵਿਚ ਮੁਹਾਰਤ ਹਾਸਲ ਹੈ। ਉਸ ਨੇ ਆਪਣੀਆਂ ਰਚਨਾਵਾਂ ਵਿਚ ਪੰਜਾਬ ਦੇ ਜਨ-ਜੀਵਨ ਨੂੰ ਭਰਪੂਰ ਰੂਪ ਵਿਚ ਚਿਤਰਿਆ ਹੈ। ਮਨੁੱਖੀ ਚਰਿਤਰ ਦੇ ਸਭਨਾਂ ਰੰਗਾਂ ਦੀ ਪੇਸ਼ਕਾਰੀ ਉਸ ਦੀਆਂ ਕਹਾਣੀਆਂ ਦੀ ਆਭਾ ਹੈ। ਭਾਸ਼ਾ ਦੀ ਬਾਕਮਾਲ ਵਰਤੋਂ ਅਤੇ ਹਰ ਕਹਾਣੀ ਨੂੰ ਸਦੀਵੀਂ ਸੱਜਰਾਪਨ ਬਖਸ਼ਣ ਵਾਲੇ ਸ਼ਿਲਪ ਤੇ ਹੁਨਰ ਉਸ ਦੀ ਲੇਖਣੀ ਦੇ ਵਿਸ਼ੇਸ਼ ਗੁਣ ਹਨ। ਭੁੱਲਰ ਦੀ ਸੁਤੰਤਰ ਸੋਚ ਆਪਣੀ ਕਲਮ ਨੂੰ ਕਿਸੇ ਵੀ ਸਾਂਚੇ ਦੀ ਕੈਦੀ ਨਹੀਂ ਬਣਾਉਂਦੀ। ਉਹ ਸਮਾਜ ਦੀ ਕਰੂਪਤਾ ਅਤੇ ਕਰੂਰਤਾ 'ਤੇ ਤਿੱਖਾ ਨਸ਼ਤਰ ਚਲਾਉਂਦਾ ਹੈ। 'ਕੁੱਤਾ ਅਤੇ ਮਨੁੱਖ' ਇਸੇ ਵਿਸ਼ੇ ਨੂੰ ਦ੍ਰਿਸ਼ਟੀਮਾਨ ਕਰਦੀ ਕਹਾਣੀ ਹੈ। ਕੁੱਤੇ ਨੂੰ ਮਨੁੱਖ ਨਾਲੋਂ ਵੱਧ ਸੰਵੇਦਨਸ਼ੀਲ ਦਿਖਾ ਕੇ ਭੁੱਲਰ ਨੇ ਪੈਸੇ ਵਾਲੇ ਅਤੇ ਸਭਿਆਚਾਰਕ ਕਦਰਾਂ ਤੋਂ ਕੋਰੇ ਲੋਕਾਂ ਉਤੇ ਤਿੱਖਾ ਵਿਅੰਗ ਕੀਤਾ ਹੈ। ਇਹ ਕਹਾਣੀ ਮਨੁੱਖ ਵਿਚ ਮਰ ਰਹੀ ਇਨਸਾਨੀਅਤ ਨੂੰ ਬੜੇ ਸਰਲ ਢੰਗ ਨਾਲ ਦ੍ਰਿਸ਼ਟੀਗੋਚਰ ਕਰਦੀ ਹੈ। ਗੁਰਬਚਨ ਸਿੰਘ ਭੁੱਲਰ ਮਾਨਵੀ ਕਦਰਾਂ-ਕੀਮਤਾਂ ਦੇ ਦਾਮਨ ਨੂੰ ਕਦੇ ਹੱਥੋਂ ਨਹੀਂ ਛੱਡਦਾ। ਉਹ ਦੋ ਕੌਮਾਂ ਦੇ ਫੋਕਟ ਸਿਧਾਂਤ ਅਤੇ ਬਟਵਾਰੇ ਨੂੰ ਨਕਾਰਦਾ ਹੋਇਆ ਆਪਣੀ ਕਹਾਣੀ ਕਲਾ ਨੂੰ ਇਕ ਹਥਿਆਰ ਵਜੋਂ ਵਰਤਦਾ ਹੈ। 'ਫੱਤੂ ਮਰਾਸੀ' ਕਹਾਣੀ ਇਸੇ ਆਸ਼ੇ ਨੂੰ ਰੂਪਮਾਨ ਕਰਦੀ ਹੈ ,ਜਦੋਂ ਸੁਖਵੰਤ ਫੱਤੂ ਨੂੰ ਪੁੱਛਦਾ ਹੈ, ਚਾਚਾ ਤੂੰ ਉਥੇ ਵਾਹਵਾ ਗੁਜ਼ਾਰੇ ਜੋਗਾ ਕੰਮ ਤੋਰ ਲਿਆ ਸੀ, ਫੇਰ ਤੈਨੂੰ ਅਚਾਨਕ ਇੱਧਰ ਆਉਣ ਦੀ ਕੀ ਸੁੱਝੀ ? ਤਾਂ ਫੱਤੂ ਦਾ ਜੁਆਬ ਵਤਨ ਦੀ ਮਿੱਟੀ ਪ੍ਰਤੀ ਮੋਹ ਪਰਕ ਸੰਵੇਦਨਾ ਦਾ ਪ੍ਰਗਟਾਵਾ ਕਰਦਾ ਹੈ। ਉਹਨੇ ਇਕਦਮ ਆਪਣੇ ਸਾਹਮਣਿਉਂ ਮਿੱਟੀ ਦੀ ਮੁੱਠੀ ਚੁੱਕ ਕੇ ਅੱਖਾਂ ਮੀਟਦਿਆਂ ਆਪਣੇ ਮੱਥੇ ਨੂੰ ਲਾਈ ਅਤੇ ਕਿਹਾ, "ਪ੍ਰਭਾ, ਜੇ ਪੁੱਛੇ ਮੈਨੂੰ ਇਹਦੀ ਖਿੱਚ ਨੇ ਮਾਰਿਆ। ਉਥੇ ਇਹ ਨ੍ਹੀ ਸੀ"।[6] ਮਾਲਵੇ ਦੀ ਧਰਤੀ ਨੂੰ ਉਸ ਨੇ ਆਪਣੀ ਕਲਾ ਦਾ ਖੇਤਰ ਬਣਾਇਆ ਹੈ। ਇੱਥੋਂ ਦੇ ਸੰਜੀਵ ਪਾਤਰ ਅਤੇ ਉਨ੍ਹਾਂ ਦੀ ਨਿਰੋਲ ਆਪਣੀ ਭਾਸ਼ਾ ਉਸਦੀ ਕਥਾ-ਵਿਧੀ ਨੂੰ ਇਕ ਨੁੱਕਦਾਰ ਸੁਹਜ ਪ੍ਰਦਾਨ ਕਰਦੀ ਹੈ। ਜਿਹੋ ਜਿਹਾ ਜੀਵਨ ਇਥੋਂ ਦੇ ਲੋਕ ਜਿਊਂਦੇ ਹਨ, ਉਸੇ ਦੀ ਅਭਿਵਿਅਕਤੀ ਭੁੱਲਰ ਦੀਆਂ ਕਹਾਣੀਆਂ ਦੀ ਆਭਾ ਹੈ।

ਭੁੱਲਰ ਨਿਰਸੰਦੇਹ ਇਕ ਆਸ਼ਾਵਾਦੀ ਲੇਖਕ ਹੈ। ਉਹ ਇਸਤਰੀ ਦੇ ਰੌਸ਼ਨ ਪਹਿਲੂ ਦੀ ਤਰਜਮਾਨੀ ਕਰਦਾ ਹੈ। ਭੁੱਲਰ ਆਪ ਲਿਖਦਾ ਹੈ " :*ਮੈਂ ਔਰਤ ਨੂੰ ਅਬਲਾ ਨਹੀਂ ਮੰਨਦਾ, ਮੈਂ ਉਹਦੇ ਬਲਵਾਨ ਪੱਖ ਦਾ ਹੀ ਚਿਤੇਰਾ ਹਾਂ।"* [7] ਭੁੱਲਰ ਦੀਆਂ ਕਹਾਣੀਆਂ ਦੀ ਆਧਾਰਸ਼ਿਲਾ ਜੀਵਨ ਦੀਆਂ ਕੌੜੀਆਂ ਹਕੀਕਤਾਂ ਹਨ। ਭੁੱਲਰ ਆਪਣੇ ਦ੍ਰਿਸ਼ਟੀਕੋਣ ਦੀ ਸਪੱਸ਼ਟਤਾ ਬਾਰੇ ਪੂਰੀ ਤਰ੍ਹਾਂ ਸੁਚੇਤ ਹੈ। ਉਹ ਦਿਸ਼ਾਹੀਣ ਸਾਹਿਤ ਦੀ ਸਿਰਜਣਾ ਵਿਚ ਵਿਸ਼ਵਾਸ ਨਹੀਂ ਰੱਖਦਾ। ਉਸ ਦਾ ਵਿਸ਼ਵਾਸ ਹੈ ਕਿ ਲੇਖਕ ਨੂੰ ਆਪਣੀ ਸੋੜੀ ਸੋਚ ਦੇ ਸੰਕੁਚਿਤ ਦਾਇਰੇ ਵਿਚੋਂ ਬਾਹਰ ਆ ਕੇ ਲੋਕ ਹਿੱਤਾਂ ਅਤੇ ਸੰਜੀਵ ਕਦਰਾਂ-ਕੀਮਤਾਂ ਨੂੰ ਅਪਣਾਉਣਾ ਚਾਹੀਦਾ ਹੈ।

ਗੁਰਬਚਨ ਸਿੰਘ ਭੁੱਲਰ ਨੇ ਆਪਣੇ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਾਠਕਾਂ ਤੱਕ ਪਹੁੰਚਾਉਣ ਲਈ ਵੱਖ-ਵੱਖ ਬਿਰਤਾਂਤਕ ਜੁਗਤਾਂ ਦੀ ਸੁਚੱਜੀ ਵਰਤੋਂ ਕੀਤੀ ਹੈ। ਨਿਰਸੰਦੇਹ, ਉਹ ਘਟਨਾ ਦੀ ਬਣਤਰ ਅਤੇ ਉਸਾਰੀ ਦਾ ਉਸਤਾਦ ਹੈ। ਹਰੇਕ ਨਿਪੁੰਨ ਕਹਾਣੀਕਾਰ ਦੀ ਬਿਰਤਾਂਤਕ ਵਿਧੀ ਦੇ ਆਪਣੇ ਵੱਖਰੇ ਪਛਾਣ ਚਿਨ੍ਹ ਹੁੰਦੇ ਹਨ। ਭੁੱਲਰ ਦਾ ਬਿਰਤਾਂਤਕੀ ਸੰਗਠਨ ਸਰਲ ਅਤੇ ਸਾਦਾ ਹੈ। ਉਸ ਦੀਆਂ ਕਹਾਣੀਆਂ ਵਿਚ ਘਟਨਾਵੀ ਵਿਉਂਤ ਨੂੰ ਲਕੀਰੀ ਕ੍ਰਮ ਵਿਚ ਹੀ ਸਿਰਜਿਆ ਜਾਂਦਾ ਹੈ। ਉਦਾਹਰਣ ਵਜੋਂ ਉਸ ਦੀ ਬਹੁ-ਚਰਚਿਤ ਕਹਾਣੀ 'ਦੀਵੇ ਵਾਂਗ ਬਲਦੀ ਅੱਖ' ਪੇਂਡੂ ਸਮਾਜ ਵਿਚ ਤਿੰਨ ਭਾਈਆਂ ਵਿਚ ਜ਼ਮੀਨ ਦੀ ਵੰਡ ਸੰਬੰਧੀ ਪੈਦਾ ਵਿਵਾਦ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਭੁੱਲਰ ਆਮ ਕਰਕੇ ਕਹਾਣੀਆਂ ਭੂਤ ਵਿਚ ਲਿਖਦਾ ਹੈ। ਉਸ ਦੀਆਂ ਕਹਾਣੀਆਂ ਆਪਣਾ ਸਾਰਾ ਫੈਲਾਓ ਬੀਤੇ ਕਾਲ ਵਿਚ ਸਮੇਟਦੀਆਂ ਹਨ ਅਤੇ ਵਰਤਮਾਨ ਦੇ ਇਕ ਝਲਕਾਰੇ ਨਾਲ ਖਤਮ ਹੋ ਜਾਂਦੀਆਂ ਹਨ। ਜਿਨ੍ਹਾਂ ਕਹਾਣੀਆਂ ਦੀ ਕਥਾ ਵਿਉਂਤ ਵਿਚ ਘਟਨਾਵਾਂ ਵਰਤਮਾਨ ਕਾਲ ਵਿਚ ਵਿਉਂਤੀਆਂ ਜਾਂਦੀਆਂ

ਹਨ, ਉਨ੍ਹਾਂ ਵਿਚ ਕਹਾਣੀ ਦਾ ਫੈਲਾਓ ਮਿੰਟਾਂ, ਘੰਟਿਆਂ ਤੱਕ ਹੀ ਸੀਮਤ ਰਹਿੰਦਾ ਹੈ। ਇਸ ਸੰਬੰਧ ਵਿਚ 'ਮੈਂ ਗ਼ਜ਼ਨਵੀ ਨਹੀਂ', 'ਦੋ ਜਣੇ', 'ਖਾਰ-ਖਿਡੌਣਾ', 'ਵਿਰਲਾਂ ਵਿਚੋਂ ਝਾਕਦਾ ਹਨੇਰਾ', 'ਧੁੰਦ ਅਤੇ ਸੂਰਜ', 'ਗੁਆਚੀ ਪੈੜ', 'ਤਾਮਰ-ਪੱਤਰ' ਕਹਾਣੀਆਂ ਅਜਿਹੀ ਕਥਾਨਕੀ ਵਿਉਂਤ ਅਤੇ ਮਿਆਦ ਵਜੋਂ ਵਿਚਾਰੀਆਂ ਜਾ ਸਕਦੀਆਂ ਹਨ। ਭੁੱਲਰ ਦੀ ਕਹਾਣੀ ਛੋਟੇ ਆਕਾਰ ਦੀ ਅਤੇ ਧੀਮੀ ਗਤੀ ਵਾਲੀ ਹੁੰਦੀ ਹੈ। ਜਿਸ ਕਥਾ ਵਾਰਤਾ 'ਤੇ ਉਹ ਫੋਕਸ ਕਰਨਾ ਚਾਹੁੰਦਾ ਹੈ ,ਉਸ ਦੇ ਘਟਨਾਵੀ-ਬਿਰਤਾਂਤ ਅਤੇ ਸ਼ਾਬਦਿਕ-ਬਿਰਤਾਂਤ ਨੂੰ ਉਹ ਸੁਚੇਤ ਤੌਰ 'ਤੇ ਨਿਖੇੜਦਾ ਹੋਇਆ ਆਪਣੀ ਕਹਾਣੀ ਦੀ ਰਫ਼ਤਾਰ ਨੂੰ ਇਸੇ ਜੁਗਤ ਦੁਆਰਾ ਸੰਚਾਲਿਤ ਕਰਦਾ ਹੈ। ਭੁੱਲਰ ਬਿਰਤਾਂਤ ਦੀ ਪੇਸ਼ਕਾਰੀ ਲਈ ਸੰਖੇਪੀਕਰਨ ਦੀ ਜੁਗਤ ਅਪਣਾਉਂਦਾ ਹੈ ਪਰ ਫੋਕਸ ਕਰਨ ਯੋਗ ਬਿੰਦੂ 'ਤੇ ਆ ਕੇ ਉਸ ਦੀ ਕਹਾਣੀ ਦੀ ਰਫ਼ਤਾਰ ਅਟਕਾਓ ਦੀ ਜੁਗਤ ਰਾਹੀਂ ਸਹਿਜ ਹੋ ਜਾਂਦੀ ਹੈ। 'ਅੱਖਾਂ ਦੀ ਲਿਸ਼ਕ' ਕਹਾਣੀ ਇਸ ਦੀ ਢੁੱਕਵੀਂ ਮਿਸਾਲ ਪੇਸ਼ ਕਰਦੀ ਹੈ। ਬਿਰਤਾਂਤਕ ਵਾਚ ਦੀ ਜੁਗਤ ਅਨੁਸਾਰ ਲੇਖਕ ਆਪਣੇ ਖਿਆਲ ਜਾਂ ਵਿਚਾਰ ਦੀ ਸਪੱਸ਼ਟਤਾ ਲਈ ਕੋਈ ਸਮਰੂਪੀ ਜਾਂ ਟਾਕਰੇ ਦੀ ਘਟਨਾ ਸਿਰਜਦਾ ਹੈ। ਇਸ ਤਰ੍ਹਾਂ ਦੋ ਝਾਕੀਆਂ ਪੇਸ਼ ਕਰਕੇ ਉਹ ਟਾਕਰੇ ਦੀ ਸਥਿਤੀ 'ਤੇ ਫੋਕਸ ਕਰਦਾ ਹੈ। ਭੁੱਲਰ ਦੀਆਂ ਕਹਾਣੀਆਂ ਵਿਚ ਉਤਮ-ਪੁਰਖ ਜਾਂ 'ਮੈਂ' ਵਕਤਾ ਦੀ ਹੋਂਦ ਵੀ ਵਿਦਮਾਨ ਹੈ। ਭੁੱਲਰ ਨੇ ਆਪਣੀ ਕਹਾਣੀ 'ਖਾਰ-ਖਿਡੌਣਾ' ਵਿਚ ਦੋ ਝਾਕੀਆਂ ਦਿਖਾ ਕੇ ਆਰਥਕ ਸਰੋਕਾਰ ਨੂੰ ਦ੍ਰਿਸ਼ਟੀਗੋਚਰ ਕਰਵਾਇਆ ਹੈ। ਟਾਕਰੇ ਦੀ ਇਹੋ ਜੁਗਤ 'ਮੋਰਚੇ', 'ਰਾਤ ਕੈਸੇ ਕਟੇ ?', 'ਦੋ ਜਣੇ', 'ਤੀਜੀ ਗੱਲ' ਆਦਿ ਕਹਾਣੀਆਂ ਵਿਚ ਵੀ ਸਫ਼ਲਤਾ ਪੂਰਵਕ ਨਿਭਾਈ ਹੈ। ਦੁਹਰਾਉ ਅਤੇ ਬਾਰੰਬਾਰਤਾ ਦੀ ਜੁਗਤ ਵੀ ਭੁੱਲਰ ਦੀਆਂ ਕਹਾਣੀਆਂ ਦਾ ਖਾਸਾ ਹੈ। 'ਰਾਤਾਂ ਕਾਲੀਆਂ', 'ਰੋਹੀ-ਬੀਆਬਾਨ', 'ਨਾਗਰਿਕ ਨੰਬਰ 236', 'ਮੈਂ ਗ਼ਜ਼ਨਵੀ ਨਹੀਂ' ਆਦਿ ਕਹਾਣੀਆਂ ਵਿਚ ਇਸ ਜੁਗਤ ਦੀ ਸਫ਼ਲਤਾ ਪੂਰਵਕ ਵਰਤੋਂ ਕੀਤੀ ਗਈ ਹੈ।

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਵਿਚ ਲੋਕਯਾਨਿਕ ਵਿਰਾਸਤ ਨਾਲ ਸਾਂਝ ਬਹੁਤ ਪੀਡੀ ਹੈ। ਆਪਣੀ ਕਹਾਣੀ 'ਰਾਤਾਂ ਕਾਲੀਆਂ' ਵਿਚ ਉਹ ਨਿਮਨ ਗੀਤ ਨੂੰ ਬਾਰ ਬਾਰ ਦੁਹਰਾਉਂਦਾ ਹੈ-:

ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ
ਛੁੱਟੀ ਲੈ ਕੇ ਆ ਜਾ ਨੌਕਰਾ ...।

ਭੁੱਲਰ ਆਪਣੀਆਂ ਕਹਾਣੀਆਂ ਦਾ ਅੰਤ ਨਾਟਕੀ ਅੰਦਾਜ਼ ਨਾਲ ਕਰਦਾ ਹੈ। ਇਹ ਅਸੁਭਾਵਿਕ ਹੁੰਦੇ ਹੋਏ ਵੀ ਗੈਰ ਕੁਦਰਤੀ ਨਹੀਂ ਲਗਦਾ। ਉਸ ਦੀਆਂ ਕਹਾਣੀਆਂ 'ਖ਼ੂਨ', 'ਥਕੇਵਾਂ', 'ਨਿੱਕੀ ਬੂਟੀ ਦਾ ਸੂਟ', 'ਮੈਂ ਗ਼ਜ਼ਨਵੀ ਨਹੀਂ', ਨਾਟਕੀ ਅੰਦਾਜ਼ ਨੂੰ ਰੂਪਮਾਨ ਕਰਦੀਆਂ ਹਨ। ਪਿੱਛਲ ਝਾਤ ਭੁੱਲਰ ਦੇ ਵਿਸ਼ੇਸ਼ ਗੁਣ ਵਜੋਂ ਜਾਣੀ ਜਾਣ ਵਾਲੀ ਜੁਗਤ ਹੈ। 'ਤਾਮਰ ਪੱਤਰ', 'ਰੋਹੀ-ਬੀਆਬਾਨ', 'ਖ਼ੂਨ', 'ਮੈਂ ਗ਼ਜ਼ਨਵੀ ਨਹੀਂ' ਆਦਿ ਕਹਾਣੀਆਂ ਵਿਚ ਇਸ ਜੁਗਤ ਦੀ ਕਾਰਗਰ ਵਰਤੋਂ ਕੀਤੀ ਗਈ ਹੈ।

ਗੁਰਬਚਨ ਸਿੰਘ ਭੁੱਲਰ ਦੀ ਪਾਤਰ ਚੋਣ ਅਤੇ ਪਾਤਰ ਉਸਾਰੀ ਕਾਬਿਲ-ਏ-ਤਾਰੀਫ਼ ਹੈ। ਉਸ ਨੇ ਪਾਤਰਾਂ ਦੇ ਸੁਭਾਅ, ਜਾਤ-ਜਮਾਤ, ਕਿੱਤਾ, ਦ੍ਰਿੜਤਾ ਆਦਿ ਨੂੰ ਚਿਤਰਨ ਲਈ ਵਰਣਨ, ਤਸਵੀਰਕਸ਼ੀ, ਵਾਰਤਾਲਾਪ, ਮਨੋਵਿਗਿਆਨਕਤਾ ਅਤੇ ਪਾਤਰਾਂ ਤੇ ਕਾਰਜ ਆਦਿ ਜੁਗਤਾਂ ਤੋਂ ਕੰਮ ਲਿਆ ਹੈ। ਪਾਤਰਾਂ ਸੰਬੰਧੀ ਭੁੱਲਰ ਲਿਖਦਾ ਹੈ :ਜਿਹੜੇ ਪਾਤਰ ਭਵਿੱਖ ਮੁਖੀ ਹਨ, ਚੰਗੀਆਂ ਕਦਰਾਂ-ਕੀਮਤਾਂ ਦੇ ਹਮਾਇਤੀ ਹਨ, ਸੱਚ ਕਹਿਣ ਦੀ ਦਲੇਰੀ ਰੱਖਦੇ ਹਨ, ਉਹੋ ਮੇਰੇ ਪਿਆਰੇ ਹਨ ਤੇ ਮੈਨੂੰ ਇਹ ਕਹਿਣ ਵਿਚ ਵੀ ਸੰਕੋਚ ਨਹੀਂ, ਮੇਰੇ ਪਾਠਕਾਂ ਦੇ ਵੀ ਉਹੋ ਹੀ ਪਿਆਰੇ ਹਨ। ਭੁੱਲਰ ਦੇ ਪਾਤਰਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਮਾਯੂਸੀ ਤੇ ਤਲਖ਼ੀ ਤੋਂ ਬਚ ਕੇ ਨਿਕਲ ਜਾਂਦੇ ਹਨ। ਕਹਾਣੀ 'ਥਕੇਵਾਂ' ਦੀ ਨਾਇਕਾ ਆਸੋ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਜ਼ਿੰਦਾਦਿਲੀ ਨਾਲ ਟਾਕਰਾ ਕਰਨ ਕਰਕੇ ਪੰਜਾਬੀ ਸਾਹਿਤ ਜਗਤ ਵਿਚ ਸਦਾ ਆਦਰ ਨਾਲ ਜਾਣੀ ਜਾਵੇਗੀ। ਭੁੱਲਰ ਆਪਣੇ ਨਾਰੀ ਪਾਤਰਾਂ ਨੂੰ ਵਧੇਰੇ ਮੋਹ ਨਾਲ ਚਿਤਰਦਾ ਹੈ। ਨਿਰਸੰਦੇਹ, ਉਹ ਨਾਰੀ ਦੇ ਕੋਮਲ ਅਤੇ ਰੌਸ਼ਨ ਪੱਖ ਦਾ ਚਿਤੇਰਾ ਹੈ। 'ਰਾਤਾਂ ਕਾਲੀਆਂ' ਦੀ ਪਰੇਮ ਕੌਰ ਅਤੇ ਭਗਵੰਤ, 'ਚਗਲ' ਦੀ ਸੁਰਜੀਤ, 'ਦੀਵੇ ਵਾਂਗ ਬਲਦੀ ਅੱਖ' ਦੀ ਮਹਿੰਦਰੋ ਨਾਰੀ ਸੰਵੇਦਨਾ ਨੂੰ ਆਪਣੇ ਪੂਰੇ ਜਲੌਅ ਵਿਚ ਪ੍ਰਦਰਸ਼ਿਤ ਕਰਨ ਵਾਲੀਆਂ ਕੋਮਲ ਭਾਵੀ ਤੇ ਸਾਹਸੀ ਇਸਤਰੀਆਂ ਹਨ। ਭੁੱਲਰ ਇਨਸਾਨ ਦੀਆਂ ਮਾਰੂ ਰੁਚੀਆਂ ਨੂੰ ਥੁੜ-ਚਿਰਾ ਸਮਝਦਾ ਹੈ ਅਤੇ ਉਸ ਦੇ ਅੰਦਰ ਜਗਦੀ ਨੇਕੀ ਦੀ ਚਿਣਗ ਨੂੰ ਬੁਝਣ ਨਹੀਂ ਦਿੰਦਾ। ਕਹਾਣੀ ਖ਼ੂਨ ਉਸ ਦੇ ਇਸੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਇਕ ਵਧੀਆ ਰਚਨਾ ਹੈ। ਆਪਣੇ ਭਤੀਜੇ ਦੇ ਸਨੇਹ ਭਰਪੂਰ ਇਕੋ ਵਾਕ ਨਾਲ ਕਰਤਾਰੇ ਅੰਦਰ ਬਣੀ ਦਵੈਤ ਦੀ ਦੀਵਾਰ ਢਹਿ ਢੇਰੀ ਹੋ ਜਾਂਦੀ ਹੈ।

ਭੁੱਲਰ ਦਾ ਬਲ ਉਸ ਦਾ ਯਥਾਰਥ ਹੈ। ਉਸ ਦੇ ਪਾਤਰ ਮਨੋਕਲਪਿਤ ਹੋਣ ਦੀ ਥਾਂ ਜੀਵਨ ਦੇ ਯਥਾਰਥ ਵਿਚੋਂ ਉਪਜਦੇ ਵਿਗਸਦੇ ਹਨ। 'ਵਖ਼ਤਾਂ ਮਾਰੇ' ਕਹਾਣੀ ਦਾ ਟਾਂਗਾ ਚਲਾਉਣ ਵਾਲਾ ਅਮਲੀ ਨਿਰਸੰਦੇਹ ਅਜਿਹਾ ਹੀ ਇਕ ਜੀਵੰਤ ਪਾਤਰ ਹੈ। ਉਹ ਪਿੰਡ ਦੇ ਇਕ ਹੋਣਹਾਰ ਵਿਦਿਆਰਥੀ ਦਰਸ਼ਨ ਦੇ ਮਾਰੇ ਜਾਣ ਦਾ ਸੰਤਾਪ ਘਰਦਿਆਂ ਵਾਂਗ ਹੀ ਭੋਗ ਰਿਹਾ ਹੈ।

ਸਹਿਜ-ਸੁਭਾਵਿਕਤਾ ਭੁੱਲਰ ਦੀ ਭਾਸ਼ਾ ਦੀ ਖਾਸ ਵਿਸ਼ੇਸ਼ਤਾ ਹੈ। ਇਹ ਮਾਂਜ ਸਵਾਰ ਕੇ ਬਣਾਈ ਹੋਈ ਭਾਸ਼ਾ ਨਹੀਂ, ਸਹਿਜ-ਸੁਭਾ ਫੁਰੀ ਹੋਈ ਭਾਸ਼ਾ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਪੇਂਡੂ ਜੀਵਨ ਨਾਲ ਸੰਬੰਧਿਤ ਹਨ। ਭੁੱਲਰ ਦੀ ਆਪਣੀ ਬੋਲੀ ਟਕਸਾਲੀ, ਕੇਂਦਰੀ ਪੰਜਾਬੀ ਦੇ ਬਹੁਤ ਨੇੜੇ ਹੈ। ਭੁੱਲਰ ਪਾਤਰਾਂ 'ਤੇ ਆਪਣੀ ਭਾਸ਼ਾ ਜਬਰਦਸਤੀ ਠੋਸਦਾ ਨਹੀਂ। ਉਹ ਪਾਤਰਾਂ ਕੋਲੋਂ ਉਨ੍ਹਾਂ ਦੇ ਸਮਾਜਕ ਮਿਆਰ ਅਤੇ ਸਥਿਤੀ ਅਨੁਸਾਰ ਬੋਲੀ ਬੁਲਵਾਉਂਦਾ ਹੈ। ਉਸ ਦੀ ਲਿਖਤ ਵਿਚ ਹੋਰ ਭਾਸ਼ਾਵਾਂ ਦੇ ਸ਼ਬਦ ਸਹਿਜ ਭਾਵ ਨਾਲ ਨਗਾਂ ਵਾਂਗ ਜੜੇ ਜਾਪਦੇ ਹਨ। ਉਸ ਦੀਆਂ ਕਹਾਣੀਆਂ ਵਿਚ ਉਰਦੂ, ਫਾਰਸੀ ਦੇ ਸ਼ਬਦ ਆਮ ਮਿਲਦੇ ਹਨ, ਜਿਵੇਂ ਮਿਹਰਬਾਨ, ਮੁਕੱਦਮਾ, ਫਰਮਾਇਸ਼, ਇਤਲਾਹ, ਖ਼ੈਰੀਅਤ, ਮਸ਼ਵਰਾ ਆਦਿ। ਇਸ ਤੋਂ ਇਲਾਵਾ ਅੰਗਰੇਜ਼ੀ ਦੇ ਸ਼ਬਦ ਜਿਵੇਂ ਈਜ਼ੀ ਮੂਡ, ਐਕਨਾਲਿਜਮੈਂਟ, ਬੁੱਕ ਸਟਾਲ, ਹੋਮ-ਵਰਕ ਆਦਿ ਅਤੇ ਸੰਸਕ੍ਰਿਤ ਦੇ ਸ਼ਬਦ ਵਾਤਸਲਤਾ, ਕਰਮਾਸੂ ਕੌਸ਼ਲਮ ਆਦਿ ਵੀ ਮਿਲਦੇ ਹਨ। ਭੁੱਲਰ ਨੇ ਸਮਾਸ ਵੀ ਵਰਤੇ ਹਨ ,ਜਿਵੇਂ -ਪਿੱਟ-ਪਿੱਟ, ਥੱਕ-ਟੁੱਟ ਆਦਿ। ਉਪਰਾ

ਮਰਦ'ਕਹਾਣੀ ਵਿਚ 76ਸਮਾਸ ਵਰਤੇ ਗਏ ਹਨ। ਉਸਦੀ, ਖਾਸ ਕਰਕੇ ਉਸਦੇ ਪਾਤਰਾਂ ਦੀ ਬੋਲੀ ਢੁੱਕਵੇਂ ਮੁਹਾਵਰਿਆਂ ਦੀ ਵਰਤੋਂ ਨਾਲ ਸਜੀ ਹੋਈ ਹੈ, ਜਿਵੇਂ ਓਹਲਾ ਰੱਖਣਾ, ਬਾਂਹ ਛੱਡਣੀ, ਅਸਮਾਨ ਪਾਟਦਾ ਆਦਿ। ਭੁੱਲਰ ਨੇ ਉਪਮਾ, ਦ੍ਰਿਸ਼ਟਾਂਤ, ਰੂਪਕ, ਅਨੁਪ੍ਰਾਸ ਆਦਿ ਅਲੰਕਾਰਾਂ ਦੀ ਸਫ਼ਲਤਾ ਪੂਰਵਕ ਵਰਤੋਂ ਕੀਤੀ ਹੈ।

ਭੁੱਲਰ ਦੀਆਂ ਕਹਾਣੀਆਂ ਵਿਚ ਵਾਤਾਵਰਣ ਦੀ ਸੁਚੇਤ ਸਿਰਜਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਇਹ ਜੁਗਤ ਪਾਠਕਾਂ ਵਿਚ ਸਾਕਾਰਾਤਮਕ ਸੋਚ ਦਾ ਸੰਚਾਰ ਕਰਦੀ ਹੈ। ਦੀਵੇ ਵਾਂਗ ਬਲਦੀ ਅੱਖ', ਓਪਰਾ ਮਰਦ', ਧੁੰਦ ਅਤੇ ਸੂਰਜ'ਅਤੇ ਥਕੇਵਾਂ'ਕਹਾਣੀਆਂ ਇਸ ਦੀਆਂ ਵਧੀਆ ਉਦਾਹਰਣਾਂ ਹਨ। ਭੁੱਲਰ ਆਰਥਕ ਪ੍ਰਭਾਵ ਨਾਲ ਪੈਦਾ ਹੋ ਰਹੀਆਂ ਤਬਦੀਲੀਆਂ ਤੋਂ ਵਾਕਿਫ਼ ਹੈ। ਅੱਖਾਂ ਦੀ ਲਿਸ਼ਕ'ਅੱਜ ਦੇ ਮਨੁੱਖ ਦੀ ਕਹਾਣੀ ਹੈ। ਉਦਯੋਗਿਕ ਵਿਕਾਸ ਨੇ ਪੇਂਡੂ ਅਤੇ ਸ਼ਹਿਰੀ ਮਾਨਸਿਕਤਾ ਵਿਚ ਤਰੇੜ ਪੈਦਾ ਕਰ ਦਿੱਤੀ ਹੈ। ਕਸਤੂਰੀ ਵਾਲਾ ਮਿਰਗ'ਕਹਾਣੀ ਵਿਚ ਇਹ ਅੰਤਰ ਵਿਰੋਧ ਭਲੀ-ਭਾਂਤ ਸਪੱਸ਼ਟ ਹੈ। ਭੁੱਲਰ ਵਾਰਤਾਲਾਪ ਚਿਤਰਨ ਵਿਚ ਪੂਰਾ ਮਾਹਰ ਹੈ। ਉਸ ਦੀਆਂ ਕਹਾਣੀਆਂ ਦੋ ਜਣੇ', ਇੱਕੀਵੀਂ ਸਦੀ', ਪਰਤਾਂ ਵਿਚ ਜਿਉਂਦੇ ਬੰਦੇ', ਅਗਨੀ-ਕਲਸ', ਮਾਨਵ -ਸ਼ਸਤਰ'ਆਦਿ ਢੁੱਕਵੇ ਸੰਵਾਦ ਪ੍ਰਸਤੁਤ ਕਰਦੀਆਂ ਹਨ। ਉਸ ਦੇ ਪਾਤਰ ਪ੍ਰਸਥਿਤੀਆਂ ਅਨੁਕੂਲ ਸੰਵਾਦ ਰਚਾਉਂਦੇ ਹਨ।

ਭੁੱਲਰ ਦੀਆਂ ਸ਼ੈਲੀ ਵਿਧੀਆਂ ਦੇ ਪ੍ਰਯੋਗ ਵਿਚ ਸਿੱਧ ਹਸਤ ਹੈ। ਉਸਦੀ ਕਹਾਣੀ ਮੈਂ ਗ਼ਜ਼ਨਵੀ ਨਹੀਂ', ਆਤਮਕਥੀ ਸ਼ੈਲੀ ਦੀ ਵਧੀਆ ਉਦਾਹਰਣ ਹੈ। ਉਸ ਨੇ ਚਿੱਠੀ ਸ਼ੈਲੀ ਦੁਆਰਾ ਪਾਤਰਾਂ ਦੀ ਸ਼ਖਸੀਅਤ ਦੇ ਕਈ ਲੁਪਤ ਪੱਖਾਂ 'ਤੇ ਵੀ ਰੋਸ਼ਨੀ ਪਾਈ ਹੈ। ਭੁੱਲਰ ਦੀਆਂ ਕਹਾਣੀਆਂ ਵਿਚ ਪੇਂਡੂ ਜੀਵਨ ਦੀ ਸਹੀ ਤਸਵੀਰ ਪੇਸ਼ ਕੀਤੀ ਗਈ ਹੈ। ਦੀਵੇ ਵਾਂਗ ਬਲਦੀ ਅੱਖ'ਅਤੇ ਗੁਆਚੀ ਪੈੜ'ਕਹਾਣੀਆਂ ਮਾਲਵੇ ਦੇ ਪਿੰਡਾਂ ਦੀ ਆਂਚਲਿਕ ਸ਼ੈਲੀ ਨੂੰ ਰੂਪਮਾਨ ਕਰਦੀਆਂ ਹਨ। ਇਸ ਤੋਂ ਇਲਾਵਾ ਭੁੱਲਰ ਦੀਆਂ ਕਹਾਣੀਆਂ ਵਿਚ ਉਤਮ ਪੁਰਖੀ, ਡਾਇਰੀ, ਬਿਆਨੀਆ ਅਤੇ ਕਰੁਣਾਮਈ ਸ਼ੈਲੀ ਦੀ ਸਫ਼ਲ ਵਰਤੋਂ ਮਿਲਦੀ ਹੈ।

ਗੁਰਬਚਨ ਸਿੰਘ ਭੁੱਲਰ ਦੇ ਕਹਾਣੀ ਸੰਗ੍ਰਹਾਂ ਦੇ ਸਮਰਪਣ ਜੀਵਨ ਦੇ ਡੂੰਘੇ ਅਨੁਭਵ ਦੇ ਲਿਖਾਇਕ ਹਨ। ਉਸ ਨੇ ਆਪਣੀ ਪੁਸਤਕ ਧਰਤੀ ਦੀਆਂ ਧੀਆਂ' ਪੰਜਾਬ ਦੀ ਅਣਖੀਲੀ ਧੀ ਮਾਈ ਭਾਗੋ ਦੇ ਨਾਂ ਸਮਰਪਿਤ ਕੀਤੀ ਹੈ। ਉਸ ਨੇ ਦੀਵੇ ਵਾਂਗ ਬਲਦੀ ਅੱਖ ਪੁਸਤਕ ਆਪਣੇ ਪੁੱਤਰ ਸਨੇਹਪਾਲ ਨੂੰ ਸਮਰਪਿਤ ਕੀਤੀ ਹੈ , ਜਿਸ ਨੂੰ ਉਹ ਆਪਣੀ ਰਚਨਾ ਦਾ ਨਿਰਪੱਖ ਆਲੋਚਕ ਤਸੱਵਰ ਕਰਦਾ ਹੈ। ਪੁਸਤਕ ਮੈਂ ਗ਼ਜ਼ਨਵੀ ਨਹੀਂ ਆਪਣੇ ਮਿੱਤਰ ਜਗਮੋਹਣ ਕੌਸ਼ਲ ਦੇ ਨਾਂ ਸਮਰਪਿਤ ਕੀਤੀ ਹੈ ,ਜਿਸ ਨੂੰ ਉਹ ਸਹੀ ਅਰਥਾਂ ਵਿਚ ਅਸਲ ਮਨੁੱਖ ਸਮਝਦਾ ਹੈ। ਕਹਾਣੀ ਮਾਨਵ-ਸ਼ਸਤਰ'ਮਨਮੋਹਨ ਬਾਵਾ ਦੇ ਨਾਂ ਅਤੇ ਤਿੰਨ ਮੂਰਤੀਆਂ ਵਾਲਾ ਮੰਦਰ'ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਕਰਦੇ ਭੁੱਲਰ ਨੂੰ ਇਨਸਾਨੀ ਰਿਸ਼ਤਿਆਂ ਦੇ ਅਬੋਧ ਸੱਚ ਦੀ ਪੂਰਨ ਜਾਣਕਾਰੀ ਹੈ। ਭੁੱਲਰ ਨੇ ਪੁਸਤਕ ਵਖ਼ਤਾਂ ਮਾਰੇ'ਆਪਣੀ ਪਤਨੀ ਗੁਰਚਰਨ ਨੂੰ ਸਮਰਪਿਤ ਕੀਤੀ ਹੈ ਜਿਸ ਦੀ ਅੱਖ ਵਿਚ ਹਰ ਵਖ਼ਤਾਂ ਮਾਰੇ ਲਈ ਹੰਝੂ ਹੈ।

ਗੁਰਬਚਨ ਸਿੰਘ ਭੁੱਲਰ ਆਪਣੀ ਕਹਾਣੀ ਕਲਾ ਦੇ ਮਾਧਿਅਮ ਰਾਹੀਂ ਜ਼ਿੰਦਗੀ ਨੂੰ ਵਧੇਰੇ ਚੰਗੇਰੀ ਬਣਾਉਣ ਦਾ ਅਭਿਲਾਸ਼ੀ ਹੈ। ਉਸ ਦੀ ਕਹਾਣੀ ਵਿਚ ਨਾ ਉਪਭਾਵੁਕਤਾ ਹੁੰਦੀ ਹੈ ਅਤੇ ਨਾ ਹੀ ਵਾਧੂ ਵਿਸਥਾਰ। ਉਹ ਜੀਵਨ ਦੀਆਂ ਛੋਟੀਆਂ ਛੋਟੀਆਂ ਘਟਨਾਵਾਂ ਨੂੰ ਲੈ ਕੇ ਕਹਾਣੀ ਉਸਾਰਨ ਵਾਲਾ ਵੱਡਾ ਕਹਾਣੀਕਾਰ ਹੈ। ਗੁਰਬਚਨ ਸਿੰਘ ਭੁੱਲਰ ਦੇ ਕਥਾ-ਜਗਤ ਵਿਚ ਸਭ ਤੋਂ ਵੱਧ ਕਹਾਣੀਆਂ ਨਿਰੋਲ ਪੇਂਡੂ ਜੀਵਨ ਦੀਆ ਘਟਨਾਵਾਂ ਨੂੰ ਸਾਕਾਰ ਕਰਦੀਆਂ ਹਨ। ਕੁਝ ਕਹਾਣੀਆਂ ਪੇਂਡੂ ਤੇ ਸ਼ਹਿਰੀ ਦੀ ਮਿਲਵੀਂ ਸਾਕਾਰਤਾ ਹਨ। ਬਾਕੀ ਦੀਆਂ ਕਹਾਣੀਆਂ ਅਜਿਹੀਆਂ ਹਨ ਜੋ ਨਿਰੋਲ ਸ਼ਹਿਰੀ ਜੀਵਨ ਦੀ ਪੇਸ਼ਕਾਰੀ ਕਰਦੀਆਂ ਹਨ। ਪੇਂਡੂ ਜੀਵਨ ਵਾਲੀਆਂ ਕਹਾਣੀਆਂ ਵਿਚ ਭੁੱਲਰ ਨੇ ਪੇਂਡੂ ਕਿਸਾਨ ਦੀ ਆਰਥਕਤਾ ਅਤੇ ਉਸਦੇ ਸੰਸਕ੍ਰਿਤਕ ਮੁੱਲ ਵਿਧਾਨ ਦੀ ਇੱਕ ਬਹੁ-ਪੱਖੀ ਤੇ ਮੰਨਣਯੋਗ ਤਸਵੀਰ ਸਾਕਾਰ ਕੀਤੀ ਹੈ। ਪੇਂਡੂ ਤੇ ਸ਼ਹਿਰੀ ਜੀਵਨ ਦੀ ਮਿਲਣੀ ਸਾਕਾਰਤਾ ਵਾਲੀਆਂ ਕਹਾਣੀਆਂ ਵਿਚ ਉਹ ਪਿੰਡ ਦੇ ਮੁਕਾਬਲੇ ਸ਼ਹਿਰ ਦੇ ਵਸਨੀਕਾਂ ਵਿਚ ਅਪਣੱਤ ਤੇ ਸਾਂਝ ਦੇ ਭਾਵਾਂ ਦੀ ਅਣਹੋਂਦ ਅਤੇ ਪਿੰਡ ਤੋਂ ਸ਼ਹਿਰ ਗਏ ਮਨੁੱਖ ਦੀ ਸ਼ਕਤੀ ਤੇ ਸਮਰੱਥਾ ਬਾਰੇ ਪੇਂਡੂ ਭਾਈਚਾਰੇ ਵਿਚਲੇ ਭਰਮ ਭੁਲੇਖੇ ਦਾ ਬਿਰਤਾਂਤ ਦਿੰਦਾ ਹੈ। ਨਿਰੋਲ ਸ਼ਹਿਰੀ ਜੀਵਨ ਵਾਲੀਆਂ ਕਹਾਣੀਆਂ ਵਿਚ ਭੁੱਲਰ ਨੇ ਸ਼ਹਿਰ ਵਿਚ ਰਹਿ ਰਹੇ ਨਿਮਨ ਮੱਧ ਵਰਗ ਦੇ ਲੋਕਾਂ ਦੀਆਂ ਲੋੜਾਂ ਥੁੜ੍ਹਾਂ, ਸ਼ਹਿਰੀ ਲੋਕਾਂ ਵਿਚ ਮਾਨਵਤਾ ਅਤੇ ਭਾਈਚਾਰੇ ਦੀ ਘਾਟ, ਬੇਲੋੜੀ ਭੱਜ-ਦੌੜ, ਦਿਖਾਵੇ ਭਰੀ ਜ਼ਿੰਦਗੀ ਆਦਿ ਦਾ ਵਰਨਣ ਕੀਤਾ ਹੈ।

ਪੇਂਡੂ ਜੀਵਨ ਸੰਬੰਧੀ ਭੁੱਲਰ ਦੀ ਪਹੁੰਚ ਜ਼ਿਆਦਾ ਯਥਾਰਥਕ ਅਤੇ ਪੀਡੀ ਹੋ ਨਿਬੜੀ ਹੈ। ਉਸ ਨੇ ਜ਼ਮੀਨ ਤੇ ਖੇਤੀਬਾੜੀ ਦੇ ਧੰਦੇ ਨਾਲ ਜੁੜੀ ਪਿੰਡ ਦੀ ਆਰਥਕਤਾ ਦੇ ਵੱਖ-ਵੱਖ ਪਹਿਲੂਆਂ ਦੀ ਜਾਣਕਾਰੀ ਦਿੱਤੀ ਹੈ। ਕਿਸਾਨੀ ਆਰਥਕਤਾ ਦੇ ਪੰਜਾਬ ਦੀ ਸੰਸਕ੍ਰਿਤੀ ਉੱਤੇ ਪੈਂਦੇ ਅਜਿਹੇ ਪ੍ਰਭਾਵ ਅਤੇ ਜੱਟ ਕਿਰਸਾਨੀ ਦੇ ਨਿਵੇਕਲੇ ਚਰਿੱਤਰ ਤੇ ਉਸ ਦੀ ਮਾਨਸਿਕਤਾ ਨਾਲ ਹੋਂਦ ਵਿਚ ਪੰਜਾਬ ਦੀ ਪੇਂਡੂ ਸੰਸਕ੍ਰਿਤੀ ਦੀ ਤਸਵੀਰ ਉਜਾਗਰ ਹੋਈ ਹੈ। ਜੇ ਪੇਂਡੂ ਸੰਸਕ੍ਰਿਤੀ ਨਾਲ ਮੋਹ ਕਿਤੇ-ਕਿਤੇ ਭੁੱਲਰ ਦਾ ਦੋਸ਼ ਬਣਦਾ ਹੈ ਤਾਂ ਇਹ ਮੋਹ ਪਿੰਡ ਦੇ ਜੀਵਨ ਦੀ ਪ੍ਰਮਾਣਿਕ ਪੇਸ਼ਕਾਰੀ ਲਈ ਅਨੁਭਵ ਦੀ ਪੱਧਰ ਉੱਤੇ ਉਸ ਦਾ ਗੁਣ ਹੋ ਨਿਬੜਦਾ ਹੈ।

ਭੁੱਲਰ ਦੀਆਂ ਕਹਾਣੀਆਂ ਵਿਚ ਕੁੱਲ ਮਿਲਾਕੇ ਜਿਸ ਦ੍ਰਿਸ਼ਟੀ ਦਾ ਸੰਚਾਰ ਹੋਇਆ ਹੈ, ਉਸਨੂੰ ਵਿਸ਼ਾਲ ਮਾਨਵਵਾਦੀ ਦ੍ਰਿਸ਼ਟੀ ਆਖਿਆ ਜਾ ਸਕਦਾ ਹੈ। ਇੱਕ ਅਜਿਹੀ ਨਿਮਨ ਪਰ ਨਿਸ਼ਚਿਤ ਸੁਰ ਉਸ ਦੀ ਕਹਾਣੀ ਵਿਚ ਸਮੋਈ ਹੋਈ ਹੈ। ਜੋ ਅੰਤਿਮ ਸਿੱਟੇ ਵਜੋਂ ਪ੍ਰਗਤੀਵਾਦੀ-ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਉਭਾਰਦੀ ਹੈ। ਉਨ੍ਹਾਂ ਕਹਾਣੀਆਂ ਵਿਚ ਜਿਥੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਰਾਜਨੀਤੀ ਦਾ ਜ਼ਿਕਰ ਆਇਆ ਹੈ, ਇਕ ਮਾਨਵਵਾਦੀ-ਪ੍ਰਗਤੀਵਾਦੀ ਸੁਰ ਵਧੇਰੇ ਉਘੜਦੀ ਹੈ। ਪ੍ਰਗਤੀਵਾਦੀ-ਮਾਨਵਵਾਦੀ ਵਿਚਾਰਧਾਰਾ ਅਨੁਸਾਰ ਭੁੱਲਰ ਕੁੱਲ ਮਿਲਾ ਕੇ ਵਿਗਿਆਨਕ ਸੋਚ ਦਾ ਧਾਰਨੀ ਸਿੱਧ ਹੁੰਦਾ ਹੈ। ਉਸਦੀ ਇਹ ਵਿਗਿਆਨਕ ਸੋਚ ਧਰਮ, ਸੰਸਕ੍ਰਿਤੀ, ਵਰਗ-ਵੰਡ ਅਤੇ ਮਨੁੱਖ ਦੇ ਸਦੀਵੀਂ ਜਜ਼ਬਿਆਂ ਦੀ ਪੇਸ਼ਕਾਰੀ ਵਾਲੀਆਂ ਕਹਾਣੀਆਂ ਵਿਚ ਸਪਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ।

ਗੁਰਬਚਨ ਸਿੰਘ ਭੁੱਲਰ ਨੇ ਆਮ ਤੌਰ ਤੇ ਇੱਕ ਘਟਨਾ ਅਤੇ ਇੱਕ ਪਾਤਰ ਉੱਤੇ ਹੀ ਨਿੱਕੀ ਕਹਾਣੀ ਦੇ ਕਲਾਸਕੀ ਬੰਧੇਜ ਅਨੁਸਾਰ ਕਹਾਣੀ ਨੂੰ ਕੇਂਦਰਿਤ ਕੀਤਾ ਹੈ। ਉਸ ਦੀ ਕਹਾਣੀ ਵਿਚ ਅਜਿਹਾ ਕੋਈ ਵਿਸਥਾਰ ਲੱਭਣਾ ਕਠਿਨ ਹੈ ਜਿਸ ਨੂੰ ਬੇਲੋੜਾ ਕਿਹਾ ਜਾ ਸਕੇ। ਕਹਾਣੀ ਦੇ ਕਥਾਨਕ ਨੂੰ ਗੁੰਦਣ ਅਤੇ ਪਾਤਰਾਂ ਦੇ

ਅਨੁਸਾਰ ਢੁਕਵੀਂ ਭਾਸ਼ਾ ਦੀ ਵਰਤੋਂ ਕਰਨ ਦੁਆਰਾ ਹਰ ਕਹਾਣੀ ਉਤੇ ਆਪਣੀ ਸ਼ੈਲੀ ਦੀ ਇੱਕ ਮੁਹਰ-ਛਾਪ ਲਾਉਣ ਵਿਚ ਭੁੱਲਰ ਨੇ ਸਫ਼ਲਤਾ ਪ੍ਰਾਪਤ ਕੀਤੀ ਹੈ। ਪਾਤਰਾਂ ਤੇ ਸਮੱਸਿਆਵਾਂ ਦੀ ਯਥਾਰਥਕ ਪੇਸ਼ਕਾਰੀ ਲਈ ਦ੍ਰਿੜ ਭੁੱਲਰ ਮਲਵਈ ਉਪਭਾਸ਼ਾ ਦੀ ਸਮਰੱਥਾ ਨੂੰ ਉਘਾੜਣ ਤੇ ਮਾਲਵਾ ਆਂਚਲ ਦੇ ਸਥਾਨਕ ਮੁਹਾਵਰੇ ਨੂੰ ਸਮੁੱਚੇ ਪੰਜਾਬੀ ਸਾਹਿਤ ਦੇ ਮੁਹਾਵਰੇ ਦਾ ਅੰਗ ਬਣਾਉਣ ਦਾ ਮਹੱਤਵ-ਪੂਰਨ ਕਾਰਜ ਵੀ ਨਿਭਾਉਂਦਾ ਹੈ। ਸਮੁੱਚੇ ਤੌਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰਬਚਨ ਸਿੰਘ ਭੁੱਲਰ ਪੰਜਾਬੀ ਦੇ ਸਥਾਪਤ ਕਥਾਕਾਰਾਂ ਵਿੱਚੋਂ ਇੱਕ ਹੈ। ਉਹ ਸਮਕਾਲੀ ਯਥਾਰਥ ਨੂੰ ਉਸ ਦੀਆਂ ਅੰਤਰ-ਵਿਰੋਧਤਾਈਆਂ ਤੇ ਸਮਾਜਕ ਵਿਰੋਧਤਾਈਆਂ ਦੇ ਸੰਦਰਭ ਵਿਚ ਆਧੁਨਿਕ ਮਨੁੱਖ ਦੇ ਬਦਲਦੇ ਪ੍ਰਸੰਗ ਵਿਚ ਬਦਲਦੇ ਰਿਸ਼ਤਿਆਂ ਦੇ ਤਣਾਓ ਤੇ ਰਸਾਈ ਨੂੰ ਨਿਰੂਪਣ ਕਰਨ ਵਿਚ ਯਤਨਸ਼ੀਲ ਪ੍ਰਤੀਤ ਹੁੰਦਾ ਹੈ, ਪਰ ਜ਼ਿਆਦਾ ਵਿਗਿਆਨਕ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਨਾ ਹੋਣ ਕਾਰਨ ਉਹ ਇਸ ਸਮਕਾਲੀ ਯਥਾਰਥ ਦੇ ਰਿਸ਼ਤਿਆਂ ਵਿਚਲੀਆਂ ਅੰਤਰ-ਵਿਰੋਧਤਾਈਆਂ ਪਿਛੇ ਕੰਮ ਕਰ ਰਹੇ ਵਰਤਾਰੇ ਨੂੰ ਪ੍ਰਗਟਾਉਣ ਤੋਂ ਅਸਮਰੱਥ ਹੈ। ਪਰ ਫਿਰ ਵੀ ਅਸੀਂ ਉਸਨੂੰ ਵਿਰਕ ਪੀੜ੍ਹੀ ਦਾ ਵਾਰਿਸ ਕਹਿ ਸਕਦੇ ਹਾਂ ਅਤੇ ਉਸਦੇ ਗਲਪ ਨੂੰ ਯਥਾਰਥ ਦੇ ਨੇੜੇ ਸਵੀਕਾਰਦੇ ਹਾਂ।

**ਹਵਾਲੇ ਅਤੇ ਟਿੱਪਣੀਆਂ -:**


1. ਭੁੱਲਰ, ਗੁਰਬਚਨ ਸਿੰਘ ,ਦੀਵੇ ਵਾਂਗ ਬਲਦੀ ਅੱਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002, ਪੰਨਾ .29
2. ਭੁੱਲਰ, ਗੁਰਬਚਨ ਸਿੰਘ 51 ,ਕਹਾਣੀਆਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2001, ਪੰਨਾ .174
3. ਉਹੀ, ਪੰਨਾ .180
4. ਭੁੱਲਰ, ਗੁਰਬਚਨ ਸਿੰਘ ,ਧਰਤੀ ਦੀਆਂ ਧੀਆਂ, ਆਰਸੀ ਪਬਲਿਸ਼ਰਜ਼, ਦਿੱਲੀ, 1987, ਪੰਨਾ .8
5. ਭੁੱਲਰ, ਗੁਰਬਚਨ ਸਿੰਘ ,ਦੀਵੇ ਵਾਂਗ ਬਲਦੀ ਅੱਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002, ਪੰਨਾ .27
6. ਨਰਿੰਦਰ ਭੁੱਲਰ, ਗੁਰਬਚਨ ਸਿੰਘ ਭੁੱਲਰ ਦਾ ਕਥਾ-ਜਗਤ, ਆਰਸੀ ਪਬਲਿਸ਼ਰਜ਼, ਦਿੱਲੀ, 1989, ਪੰਨਾ .89
7. ਨਿਰਪਜੀਤ ਕੌਰ ਗਿੱਲ, ਗੁਰਬਚਨ ਸਿੰਘ ਭੁੱਲਰ ਦੀ ਕਥਾ-ਵਿਧੀ, ਆਰਸੀ ਪਬਲਿਸ਼ਰਜ਼, ਦਿੱਲੀ, 1990, ਪੰਨਾ .137

# STUDY OF KARAMJIT KUSSA'S NOVEL 'AG DA GEET'
# ਕਰਮਜੀਤ ਕੁੱਸਾ ਦੇ ਨਾਵਲ 'ਅੱਗ ਦਾ ਗੀਤ' ਦਾ ਅਧਿਐਨ

**ਡਾ. ਹਰਦੇਵ ਸਿੰਘ (Dr. Hardev Singh)**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਰਸਾ (ਹਰਿਆਣਾ)

ਮੋਬਾਈਲ : 9812090721 Email- hardevsingh.hs24@gmail.com

ABSTRACT

*ਨਾਵਲ 'ਅੱਗ ਦਾ ਗੀਤ' ਦੇ ਲਗਭਗ ਸਾਰੇ ਪਾਤਰ ਕਿਸੇ ਨਾ ਕਿਸੇ ਦੀ ਕਾਮੁਕ ਅਗਨੀ ਠਾਰਨ ਵਿੱਚ ਲੱਗੇ ਹੋਏ ਹਨ। ਗੁਰਮੇਲ ਤੇ ਮਿੱਠੂ ਦੋਵੇਂ ਭਰਾ ਪਿੰਡ ਦੀ ਔਰਤ ਸੱਤਿਆ ਨਾਲ ਆਪਣੀ ਕਾਮੁਕ ਅਗਨ ਸ਼ਾਂਤ ਕਰਦੇ ਹਨ, ਜਦਕਿ ਉਹਨਾਂ ਦਾ ਭਰਾ ਚੰਨਣ ਘਰ 'ਚ ਆਪਣੀ ਭਰਜਾਈ ਬਸੰਤ ਤੋਂ ਆਪਣੀ ਕਾਮੁਕ ਅਗਨ ਸ਼ਾਂਤ ਕਰਨ ਦੀ ਉਮੀਦ ਲਗਾਈ ਬੈਠਾ ਹੈ। ਤੋਤੀ, ਜੈਲੂ, ਪਾੜ੍ਹਾ ਭੂਰਾ, ਹਾਕਮ ਬੀਰ ਸਿਉਂ ਬਾਕੀ ਸਭ ਵਿੱਚ ਇਹੋ ਕਾਮੁਕ ਅੱਗ ਹੈ। ਇਥੋਂ ਤਕ ਕਿ ਖੇਤਾਂ 'ਚ ਕੰਮ ਕਰਨ ਜਾਂਦੀਆਂ ਵਿਹੜੇ ਵਾਲੀਆਂ ਔਰਤਾਂ ਦੀ ਇੱਜਤ ਕਿਤੇ ਵੀ ਸੁਰੱਖਿਅਤ ਨਹੀਂ। ਪਰੰਤੂ ਇਸਦੇ ਨਾਲ ਹੀ ਸਚਾਈ ਇਹ ਵੀ ਹੈ ਕਿ ਇਸ ਕਾਮੁਕ ਅਗਨੀ ਦੇ ਸੇਕ ਪੱਖੋਂ ਵਿਹੜੇ ਦੀਆਂ ਔਰਤਾਂ ਵੀ ਘੱਟ ਨਹੀਂ। ਗੀਰੋ ਤੇ ਲੱਛੀ ਦਾ ਗਰਭਵਤੀ ਹੋਣਾ ਦੋਵੇਂ ਧਿਰਾਂ ਵਿੱਚਲੀ ਅੱਗ ਦਾ ਸੂਚਕ ਹੈ। ਸਥਿਤੀ ਹੋਰ ਨਿਘਰ ਗਈ ਜਾਪਦੀ ਹੈ ਜਦੋਂ ਸਰਦੀ ਪੁਜਦੀ ਮੁਕੰਦ ਕੌਰ ਬਾਲੀਆਂ ਵੱਟੇ ਸੀਰੀ ਦੀ ਅਗਨ ਠਾਰਦੀ ਹੈ।*

**ਕੀਵਰਡ**: ਕਰਮਜੀਤ ਕੁੱਸਾ, ਪੰਜਾਬੀ ਨਾਵਲ, ਨਾਵਲਕਾਰ, ਯਥਾਰਥਵਾਦ, ਸਮਾਜਕ, ਸਭਿਆਚਾਰਕ, ਕਾਮੁਕ।

ਕਰਮਜੀਤ ਕੁੱਸਾ ਪੰਜਾਬੀ ਨਾਵਲਕਾਰੀ ਵਿੱਚ ਸਥਾਪਤ ਨਾਮ ਹੈ। ਯਥਾਰਥਵਾਦੀ ਨਾਵਲਕਾਰ ਦੇ ਤੌਰ ਤੇ ਉਸਨੇ ਮਲਵਈ ਜੀਵਨ ਵਿੱਚ ਆਰਥਿਕਤਾ ਦੀ ਮਾਰ ਕਾਰਨ ਉਪਜੇ ਪਾਤਰਾਂ ਦੇ ਦੁਖਾਂਤ ਨੂੰ ਆਪਣੀਆਂ ਗਲਪ ਰਚਨਾਵਾਂ ਦਾ ਅੰਗ ਬਣਾਇਆ ਹੈ। ਉਸਨੇ **ਬੁਰਕੇ ਵਾਲੇ ਲੁਟੇਰੇ, ਰਾਤ ਦੇ ਰਾਹੀ, ਰੋਹੀ ਬੀਆਵਾਨ,ਅੱਗ ਦਾ ਗੀਤ, ਜ਼ਖਮੀ ਦਰਿਆ** ਤੋਂ **ਅਕਾਲ ਪੁਰਖੀ** ਆਦਿ ਛੇ ਨਾਵਲ ਲਿਖੇ ਜੋ ਪੇਂਡੂ ਭੂਮੀਹੀਣ/ਨਿਮਨ ਕਿਸਾਨੀ ਦੇ ਜੀਵਨ ਦੀਆਂ ਤਲਖ਼ਪੂਰਨ ਪ੍ਰਸਥਿਤੀਆਂ ਨੂੰ ਵਿਭਿੰਨ ਕੋਣਾਂ ਤੋਂ ਮੂਰਤੀਮਾਨ ਕਰਦੇ ਹਨ। ਭੂਮੀਹੀਣ ਤੇ ਨਿਮਨ ਕਿਸਾਨੀ ਦੀਆਂ ਜਟਿਲ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਣ ਦੇ ਪਿੱਛੇ ਕੁੱਸੇ ਦੁਆਰਾ ਆਪਣਾ ਹੱਡੀਂ ਹੰਡਾਇਆ ਕਿਸਾਨੀ ਦਾ ਕਰੂਰ/ਕਠੋਰ ਜੀਵਨ ਅਨੁਭਵ ਹੈ। ਡਾ. ਹਰਦਰਸ਼ਨ ਸਿੰਘ ਅਨੁਸਾਰ ,*"ਕੁੱਸਾ ਮੁੱਖ ਰੂਪ ਵਿੱਚ ਜ਼ਮੀਨ ਦੀਆ ਛੋਟੀਆਂ ਹੁੰਦੀਆਂ ਜਾ ਰਹੀਆਂ ਹਿੱਸੇਦਾਰੀਆਂ ਕਾਰਨ ਬੜੀ ਤੇਜ਼ੀ ਨਾਲ ਬੇਜ਼ਮੀਨ ਹੁੰਦੀ ਜਾ ਰਹੀ ਛੋਟੀ ਕਿਰਸਾਣੀ ਦੀਆਂ ਇਤਿਹਾਸਕ ਸਮੱਸਿਆਵਾਂ ਨੂੰ ਚਿਤਰਨ ਕਰਨ ਵਾਲਾ ਨਾਵਲਕਾਰ ਹੈ।"*[1]

ਕਰਮਜੀਤ ਕੁੱਸਾ ਦਾ ਨਾਵਲ **ਅੱਗ ਦਾ ਗੀਤ** ਭੂਮੀਹੀਣ ਤੇ ਨਿਮਨ ਕਿਸਾਨੀ ਦੀਆਂ ਆਰਥਿਕ ਤੰਗੀਆਂ ਅਤੇ ਸਮਾਜਕ ਤੇ ਸਭਿਆਚਾਰਕ ਦੁਖਾਂਤ ਵਿੱਚੋਂ ਉਪਜਦੀ ਉਹਨਾਂ ਦੀ ਮਾਨਸਿਕ ਪੀੜਾ ਦੇ ਬਹੁਰੂਪਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ।ਨਾਵਲ ਦੇ ਲਗਭਗ ਸਾਰੇ ਪਾਤਰ ਮਾਨਸਿਕ ਜਾਂ ਸਰੀਰਕ ਤੌਰ 'ਤੇ ਕਿਸੇ ਜੱਦੋ-ਜਹਿਦ ਜਾਂ ਸੰਘਰਸ਼ ਵਿੱਚੋਂ ਗੁਜਰਦੇ ਹਨ। ਇਹਨਾਂ ਪਾਤਰਾਂ ਦੀ ਕੋਈ ਨਾ ਕੋਈ ਸਰੀਰਕ ਜਾਂ ਮਾਨਸਿਕ ਕਾਮਨਾ ਹੈ ਜਿਸਦੀ ਤ੍ਰਿਪਤੀ ਲਈ ਸੰਘਰਸ਼ ਜਾਂ ਜੱਦੋ-ਜਹਿਦ ਕਰਨਾ ਉਹਨਾਂ ਲਈ ਅੰਤਿਮ ਸੱਚ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਬੰਦੇ ਦੀ ਕਾਮਨਾ ਤ੍ਰਿਪਤ ਨਾ ਹੋਣ ਦੀ ਸੂਰਤ ਵਿੱਚ ਉਸਦੀ ਤੜਪ ਜਾਂ ਭਟਕਣ ਇੱਕ ਸਮੇਂ ਜਾਂ ਸਥਿਤੀ 'ਤੇ ਆ ਕੇ ਐਨਾ ਭਿਆਨਕ ਜਾਂ ਵਿਕਰਾਲ ਰੂਪ ਧਾਰਨ ਕਰ ਲੈਂਦੀ ਹੈ ਕਿ ਉਸਦਾ ਵਿਸਫ਼ੋਟ ਹੋਣਾ ਲਾਜ਼ਮੀ ਹੈ। ਕਾਮਨਾਵਾਂ ਦੀ ਅਤ੍ਰਿਪਤੀ ਲਈ ਭਟਕਣ ਦਾ ਵਿਕਰਾਲ ਰੂਪ ਹੀ ਉਹ ਅੱਗ ਹੈ ਜਿਸਦੀ ਗੱਲ ਕੁੱਸਾ ਆਪਣੇ ਨਾਵਲ **ਅੱਗ ਦਾ ਗੀਤ** ਵਿੱਚ ਕਰਦਾ ਹੈ। ਨਾਵਲ ਵਿੱਚ ਵਿਆਪਤ ਇਹ ਅੱਗ ਉਹੀ ਅੱਗ ਹੈ ਜੋ ਕਦੇ ਸੈਕਸ ਦਾ, ਕਦੇ ਅਣਖ ਦਾ, ਕਦੇ ਸਾੜੇ ਦਾ, ਕਦੇ ਇਨਕਲਾਬ ਦਾ ਰੂਪ ਧਾਰਨ ਕਰ ਪੇਸ਼ ਹੁੰਦੀ ਹੈ। ਗੱਲ ਕਿ ਨਾਵਲ ਵਿੱਚ ਹਰ ਪਾਸੇ ਇਹੋ ਜਿਹੀ ਅੱਗ ਭਾਵ ਅਗਨੀ ਦਾ ਸੇਕ ਮਿਲਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਨਾਵਲਕਾਰ ਅਧਿਆਤਮਕ ਸੱਚ ਨਾਲੋਂ ਦੇਹ ਦੇ ਸੱਚ ਜਾਂ ਅੱਗ ਨੂੰ ਵਧੇਰੇ ਸ਼ਕਤੀਸ਼ਾਲੀ ਸਿੱਧ ਕਰਨ ਵੱਲ ਰੁਚਿਤ ਹੈ।

ਨਾਵਲ **ਅੱਗ ਦਾ ਗੀਤ** ਦੇ ਪਾਤਰਾਂ ਵਿੱਚ ਦੇਹੀ ਕਾਮਨਾਵਾਂ ਦੀ ਤ੍ਰਿਪਤੀ ਵਾਲੀ ਅੱਗ ਵਿਭਿੰਨ ਰੂਪਾਂ ਵਿੱਚ ਸਮਾਈ ਹੋਈ ਹੈ। ਇਹਨਾਂ ਵਿਭਿੰਨ ਰੂਪਾਂ ਦੀ ਥਾਹ ਪਾਉਣ ਲਈ ਨਾਵਲ ਦੇ ਪਾਤਰਾਂ ਨੂੰ ਵੱਖ-ਵੱਖ ਸ਼੍ਰੇਣੀਆਂ/ਭਾਗਾਂ ਵਿੱਚ ਵੰਡ ਕੇ ਸਮਝਣਾ ਪੈਣਾ ਹੈ। ਇਸ ਲਈ ਨਾਵਲ ਦੇ ਪਾਤਰਾਂ ਨੂੰ ਚਾਰ ਵਿਸ਼ੇਸ਼ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ ਜਿਵੇਂ ਦਲਿਤ ਸ਼੍ਰੇਣੀ,ਜੱਟ ਸ਼੍ਰੇਣੀ, ਬ੍ਰਾਹਮਣ ਸ਼੍ਰੇਣੀ ਅਤੇ ਨੌਜਵਾਨ ਸਭਾ ਦੇ ਮੈਂਬਰ। ਦਲਿਤ ਵਰਗ ਵਿੱਚੋਂ ਜੋ ਪਾਤਰ ਕਾਰਜੀ ਮਹੱਤਵ ਵਾਲੇ ਹਨ, ਉਹਨਾਂ ਵਿੱਚ ਦੇਬੂ, ਗੀਰੋ, ਪਿਆਰੋ, ਪ੍ਰੀਤੂ, ਕਰਤਾਰੋ,